ਮਰਣੂ ਕਬੂਲਿ



Maraṇ Kabūl

by

Dr. Sarbjinder Singh

First Published in India by

Sikh Foundation in December 2004

ਲੇਖਕ :

ਡਾ. ਸਰਬਜਿੰਦਰ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ

ਫੋਨ : 9316231110

ਸਹਾਇਕ ਅਤੇ ਡਿਜ਼ਾਇਨ :

ਬਲਜੀਤ ਸਿੰਘ, ਇੰਦਰਜੀਤ ਸਿੰਘ

Photographs :

Courtesy - Punjab & Sind Bank, Bank of Punjab, V&A Museum, U.K., D.S.G.M.C. Delhi and S.G.P.C. Amritsar

Managed, Created & Published by :

Sikh Foundation

P.O. Box 3627 Lajpat Nagar, New Delhi-110024, INDIA


Tel.: 98105 67300, 98115 67640

www.sikhfoundation.net

E-mail: sf1999@rediffmail.com

ISBN : 81-7873-014-6

ਕੀ ਕਿੱਥੇ



ਦੋ ਸ਼ਬਦ

ਪ੍ਰਾਪਤ ਅਕਾਦਮਿਕ ਪਹੁੰਚ ਮੁਤਾਬਿਕ ਉਹੀ ਸਿਧਾਂਤ, ਸੰਕਲਪ ਜਾਂ ਵੀਚਾਰ ਪ੍ਰਵਾਨ ਕੀਤਾ ਜਾਂਦਾ ਹੈ ਜਿਹੜਾ ਮਾਨਵ-ਭਲਾਈ ਲਈ ਹੋਣ ਦੇ ਨਾਲ-ਨਾਲ ਬਾਣੀ ਰਾਹੀਂ ਪੁਸ਼ਟ ਅਤੇ ਇਤਿਹਾਸ ਵਿੱਚ ਆਮ ਆਦਮੀ ਵੱਲੋਂ ਜੀਵਿਆ ਗਿਆ ਹੋਵੇ। ਸ਼ਹੀਦੀ ਦੇ ਸਿੱਖ ਸੰਕਲਪ ਨੂੰ ਇਹ ਮਾਨਤਾ ਪ੍ਰਾਪਤ ਹੈ। ਇਸੇ ਦਾ ਵਿਸਥਾਰ ਇਸ ਪੁਸਤਕ '**ਮਰਣੁ ਕਬੂਲਿ**' ਵਿੱਚ ਦਿੱਤਾ ਗਿਆ ਹੈ। ਇਸ ਨਾਲ ਇਹ ਅਕਾਦਮਿਕ, ਧਾਰਮਿਕ ਅਤੇ ਮਾਨਵੀ ਸੱਚ ਸਾਹਮਣੇ ਆ ਗਿਆ ਹੈ ਕਿ ਭਾਰਤੀ ਧਰਮ-ਚਿੰਤਨ ਵਿੱਚ ਪ੍ਰਾਪਤ ਬਲੀਦਾਨ ਦੀ ਪਰੰਪਰਾ ਦਾ ਸ਼ਹੀਦੀ ਦੇ ਸਿੱਖ ਸੰਕਲਪ ਨਾਲ ਸਿੱਧਾ ਜਾਂ ਅਸਿੱਧਾ ਕੋਈ ਸਬੰਧ ਨਹੀਂ ਹੈ। ਬਲੀਦਾਨ ਬਾਰੇ ਕਬੀਰ ਜੀ ਦੀ ਰਾਏ ਬਾਣੀ-ਰੂਪ ਵਿੱਚ ਇਸ ਤਰ੍ਹਾਂ ਪ੍ਰਾਪਤ ਹੈ :

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ ਕਹਹੁ ਕਤ ਭਾਈ।।
ਆਪਸ ਕਉ ਮੁਨਿਵਰ ਕਰ ਥਾਪਹੁ, ਕਾ ਕਉ ਕਹਹੁ ਕਸਾਈ।।

(ਗੁ.ਗ੍ਰੰ.ਸਾ. ਪੰਨਾ 1103)

ਬਲੀਦਾਨ ਦੇ ਇਸ ਪ੍ਰਸੰਗ ਵਿੱਚ ਰਿਸ਼ੀਤਵ (ਕਰਾਉਣ ਵਾਲਾ) ਅਤੇ ਕਸਾਈਤਵ (ਕਰਨ ਵਾਲਾ) ਰਲ-ਗੱਡ ਹੋ ਗਏ ਹਨ। ਸ਼ਹੀਦੀ ਬਲੀ ਨਹੀਂ ਹੈ। ਭਾਰਤ ਵਿੱਚ ਬਲੀਦਾਨ ਦਾ ਇਤਿਹਾਸ ਤਾਂ ਕਾਇਮ ਹੈ, ਪਰ ਸ਼ਹੀਦੀ ਦੀ ਪਿਰਤ ਇਸਲਾਮ ਦੇ ਨਾਲ ਹੀ ਭਾਰਤ ਵਿੱਚ ਪ੍ਰਵੇਸ਼ ਕੀਤੀ ਪ੍ਰਵਾਨਿਤ ਹੈ। ਸ਼ਹੀਦੀ ਦਾ ਜੋ ਪ੍ਰਸੰਗ ਸਿੱਖ ਧਰਮ ਨੇ ਸਾਹਮਣੇ ਲਿਆਂਦਾ ਹੈ, ਉਸਨੂੰ ਭਾਰਤ ਦੀ ਬਲੀਦਾਨੀ-ਪ੍ਰੰਪਰਾ ਜਾਂ ਇਸਲਾਮੀ-ਸ਼ਹੀਦੀ ਦੀ ਪ੍ਰਾਪਤ ਪ੍ਰੰਪਰਾ ਦੀ ਨਿਰੰਤਰਤਾ ਵਿੱਚ ਸਮਝਣਾ ਵੀ ਮੁਸ਼ਕਿਲ ਹੈ। ਪਰ ਇਹਨਾਂ ਦੋਹਾਂ ਦੇ ਉਸਾਰੂ ਅਤੇ ਮਾਨਵੀ ਪਹਿਲੂ, ਸਿੱਖੀ ਦੀ ਸ਼ਹੀਦੀ-ਪ੍ਰੰਪਰਾ ਵਿੱਚ ਸੁਤੇ ਹੀ ਘੁਲ-ਮਿਲ ਗਏ ਹਨ।

ਸ਼ਹੀਦਾਂ ਦੀ ਗੱਲ ਇਸ ਪੁਸਤਕ ਵਿੱਚ ਹੋਈ ਹੈ ਅਤੇ ਉਸ ਨੂੰ ਇਥੇ ਦੁਹਰਾਏ ਜਾਣ ਦੀ ਲੋੜ ਨਹੀਂ ਹੈ। ਲੇਖਕ ਇਸ ਗਲੋਂ ਵਧਾਈ ਦਾ ਪਾਤਰ ਹੈ ਕਿ ਉਸ ਨੇ ਇਸ ਸੂਖਮ ਵਿਸ਼ੇ 'ਤੇ ਸਿੱਖੀ ਦੇ ਇਤਿਹਾਸਕ ਪ੍ਰਗਟਾਵਿਆਂ ਨੂੰ ਸਾਹਮਣੇ ਲਿਆਉਣ ਦੀ ਸਫਲ ਕੋਸ਼ਿਸ਼ ਕੀਤੀ ਹੈ।

ਅਕਾਲ ਪੁਰਖ ਦੇ ਹੁਕਮ ਦੀ ਪਾਲਣਾ ਲਈ ਬਚਨ-ਬੱਧ ਮਾਨਵ-ਮਰਜ਼ੀ, ਜੀਅ-ਦਾਨ ਦਾ ਅਜਿਹਾ ਸਿੱਖ ਪ੍ਰਗਟਾਵਾ ਹੈ, ਜਿਸਨੂੰ ਸ਼ਹੀਦੀ ਦੇ ਸੰਕਲਪ ਵਜੋਂ ਭਾਰਤੀ ਭੂ-ਖੰਡ ਵਿੱਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਪਹਿਲੀ ਵਾਰ ਇਤਿਹਾਸ ਵਿੱਚ ਪ੍ਰਗਟ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਇਸ ਗੁਰੂ-ਪਿਰਤ ਦਾ ਇਤਿਹਾਸਕ ਪ੍ਰਗਟਾਵਾ ਲਗਾਤਾਰ ਵਿਅਕਤੀਗਤ ਰੂਪ ਵਿੱਚ ਵੀ ਅਤੇ ਸਮੂਹਕ ਰੂਪ ਵਿੱਚ ਵੀ ਹੁੰਦਾ ਰਿਹਾ ਹੈ ਅਤੇ ਅਗੋਂ ਵੀ ਹੁੰਦਾ

ਸ਼ਹੀਦ ਹੋਣ ਨੂੰ ਪਹਿਲਾਂ ਜਾਣਨਾ ਤੇ ਮਾਣਨਾ ਹੈ।

ਰਹਿਣਾ ਹੈ। ਸ਼ਹੀਦੀ ਰੰਗੀਆਂ ਹੋਈਆਂ ਰੂਹਾਂ ਦਾ ਸੱਚ ਤੋਂ ਕੁਰਬਾਨ ਹੋ ਜਾਣਾ ਹੈ। ਇਹ ਆਤਮ-ਕੁਰਬਾਨੀ ਕਿਸੇ ਮੰਤਵ-ਪੂਰਤੀ ਲਈ ਵੀ ਨਹੀਂ ਹੁੰਦੀ। ਇਹ ਤਾਂ ਅੰਤਰ-ਆਤਮੇ ਵਸੇ ਹੋਏ ਧਾਰਮਿਕ-ਚਾਅ ਦਾ ਸੁਤੇ ਪ੍ਰਗਟਾਵਾ ਹੁੰਦੀ ਹੈ। ਇਹ ਚਾਅ ਮਾਸੂਮ ਤਾਂ ਹੋ ਸਕਦਾ ਹੈ, ਪਰ ਬਚਗਾਨਾ ਨਹੀਂ ਹੁੰਦਾ, ਕਿਉਂਕਿ ਇਹ '**ਵਖਤੇ ਉਪਰਿ ਲੜਿ ਮੁਏ**' ਦਾ ਉਹ ਪ੍ਰਚੰਡ ਜਜ਼ਬਾ ਹੁੰਦਾ ਹੈ ਜਿਹੜਾ ਸਮਰਪਿਤ ਭਾਵਨਾ ਦੇ ਸੇਕ ਨਾਲ ਪੱਕਦਾ ਰਹਿੰਦਾ ਹੈ ਅਤੇ ਲੋੜ ਪੈਣ 'ਤੇ ਇਤਿਹਾਸ ਵਿੱਚ ਪ੍ਰਗਟ ਹੋ ਜਾਂਦਾ ਹੈ। ਇਸਨੂੰ ਪ੍ਰਚੰਡ ਕਰਦੇ ਰਹਿਣ ਨਾਲ 'ਪਿਊ ਦਾਦੇ ਦੇ ਖ਼ਜ਼ਾਨੇ' ਦੇ ਸਨਮੁਖ ਹੁੰਦੇ ਰਹਿਣਾ ਚਾਹੀਦਾ ਹੈ।

ਵਰਤਮਾਨ ਨੂੰ ਨਾਲ ਲੈ ਕੇ ਤੁਰਨ ਲਈ ਸੰਘਰਸ਼ ਜ਼ਰੂਰੀ ਹੈ ਅਤੇ ਸੰਘਰਸ਼ ਦੀ ਸਿਖਰ ਸ਼ਹੀਦੀ ਹੈ। ਸ਼ਹੀਦ ਦਾ ਲਹੂ ਇਤਿਹਾਸ ਦਾ ਨੀਂਹ ਪੱਥਰ ਹੁੰਦਾ ਹੈ। ਕੌਮਾਂ ਇਸ ਨੀਂਹ 'ਤੇ ਜਿਹੋ-ਜਿਹਾ ਮਹਿਲ ਉਸਾਰਦੀਆਂ ਹਨ, ਉਸੇ ਦਾ ਸ਼ਾਹਦ ਸਿੱਖ ਇਤਿਹਾਸ ਹੈ। ਵਾਰਸ ਜੇ ਸੁੱਤੜ ਜਾਂ ਮੌਕਾ-ਸ਼ਨਾਸ਼ ਹੋ ਜਾਣ ਤਾਂ ਧਰਮ ਦੀ ਥਾਂ ਧਰਮਨੁਮਾ ਸਿਆਸਤ ਪ੍ਰਧਾਨ ਹੋ ਜਾਂਦੀ ਹੈ। ਇਸ ਹਾਲਤ ਵਿੱਚ ਸ਼ਹੀਦੀ ਦੇ ਰੰਗਾਂ ਨੂੰ ਆਮ ਚੇਤਨਾ ਤਕ ਲੈ ਕੇ ਜਾਣ ਦੀ ਜ਼ਿੰਮੇਵਾਰੀ ਵਿਦਵਾਨਾਂ ਦੀ ਹੋ ਜਾਂਦੀ ਹੈ। ਜਿਹੜੀਆਂ ਕੌਮਾਂ ਵਿਦਵਾਨਾਂ ਦੀ ਪੁਸ਼ਤ-ਪਨਾਹੀ ਤੋਂ ਮਹਿਰੂਮ ਰਹਿ ਜਾਂਦੀਆਂ ਹਨ, ਉਹ ਹੌਲੀ-ਹੌਲੀ ਅਗਿਆਨ ਦੇ ਰਾਹੇ ਪੈ ਜਾਂਦੀਆਂ ਹਨ। ਅਗਿਆਨ ਦੀ ਥਾਂ ਮਾਨਸਿਕ-ਪ੍ਰਕਾਸ਼ ਸੰਭਵ ਬਣਾਏ ਬਿਨਾ ਵਿਚਾਰਧਾਰਾਵਾਂ ਜਾਂ ਵਿਰਾਸਤ, ਵਾਰਸਾਂ ਤੋਂ ਵਿਛੁੰਨੀਆਂ ਜਾਂਦੀਆਂ ਹਨ। ਇਸ ਖਲਾਅ ਵਿੱਚ ਘੁਸਪੈਠ ਦੀਆਂ ਸੰਭਾਵਨਾਵਾਂ ਵੱਧ ਜਾਂਦੀਆਂ ਹਨ। ਸਿੱਖੀ ਨਾਲ ਅਜ-ਕਲ ਇਹੋ ਵਾਪਰ ਰਿਹਾ ਹੈ।

ਸ਼ਹੀਦੀ ਦਾ ਇਤਿਹਾਸਕ ਬਖਾਨ ਸਿੱਖ-ਅਰਦਾਸ ਵਿੱਚ ਸੰਭਾਲਿਆ ਹੋਇਆ ਹੈ ਅਤੇ ਇਸ ਰੋਲ-ਮਾਡਲ ਦੇ ਨਿੱਤ ਸਨਮੁਖ ਰਹਿਣ ਦੀ ਬਚਨ-ਬੱਧਤਾ ਸਿੱਖਾਂ ਵੱਲੋਂ ਪਾਲੀ ਜਾ ਰਹੀ ਹੈ। ਸਿੱਖ ਧਰਮ-ਚਿੰਤਨ ਦਾ ਸ੍ਰੋਤ-ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਬਾਣੀ ਹੈ। ਦੋ ਅਰਥਾਂ ਵਿੱਚ ਗੁਰਬਾਣੀ '**ਧੁਰ ਕੀ ਬਾਣੀ**' ਪ੍ਰਵਾਨ ਹੋ ਚੁਕੀ ਹੈ। ਪਹਿਲਾਂ ਇਹ ਕਿ ਬਾਣੀ ਵਿੱਚ '**ਪਰਤਖਿ ਗੁਰੂ ਨਿਸਤਾਰੇ**' ਦੀ ਗੁਹਜ ਜੋਤਿ ਨਿਹਿਤ ਹੈ। ਦੂਜਾ ਇਹ ਕਿ ਬਾਣੀ ਵਿੱਚ '**ਸਗਲੀ ਚਿੰਤ ਮਿਟਾਈ**' ਦੀ ਜੁਗਤਿ ਪ੍ਰਤੱਖ ਹੈ। ਜੋਤਿ ਅਤੇ ਜੁਗਤਿ ਦੇ ਇਸ ਚਿੰਤਨ ਪ੍ਰਬੰਧ ਦਾ ਜ਼ਿਕਰ ਡਾ. ਸਰਬਜਿੰਦਰ ਸਿੰਘ ਨੇ ਆਪਣੀ ਪਹਿਲੀ ਪੁਸਤਕ '**ਧੁਰ ਕੀ ਬਾਣੀ**' ਵਿੱਚ ਕਰ ਦਿੱਤਾ ਹੈ। ਇਸਨੂੰ ਇਨਸਾਨੀ ਪੱਧਰ 'ਤੇ ਕਿਵੇਂ ਜੀਵਿਆ ਜਾ ਸਕਦਾ ਹੈ, ਇਸਨੂੰ ਸ਼ਹੀਦੀ ਦੀ ਸਿੱਖ ਪ੍ਰੰਪਰਾ ਰਾਹੀਂ ਸੌਖਿਆਂ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਇਸੇ ਬਾਰੇ ਲੇਖਕ ਦੀ ਇਹ ਪੁਸਤਕ '**ਮਰਣੁ ਕਬੂਲਿ**' ਹੈ।

ਬਲਕਾਰ ਸਿੰਘ

ਪ੍ਰੋਫੈਸਰ ਤੇ ਡਾਇਰੈਕਟਰ,

ਜੀ.ਆਰ.ਡੀ. ਇੰਸਟੀਚਿਊਟ ਫ਼ਾਰ ਟੀਚਿੰਗ ਪੰਜਾਬੀ ਐਂਡ ਸਿੱਖੀਜ਼ਮ

ਐਸਪੈਨੋਲਾ, ਨਿਊ ਮੈਕਸੀਕੋ, ਅਮਰੀਕਾ

ਮੌਤ

ਮੌਤ, ਜ਼ਿੰਦਗੀ ਦੀ ਅਟੱਲ ਸੱਚਾਈ ਹੈ। ਕੁਦਰਤ ਦੀ ਹਰ ਸਿਰਜਨਾ ਦਾ ਅੰਤ ਅਟੱਲ ਹੈ। ਇਹ ਅਜਿਹਾ ਸੱਚ ਹੈ ਜਿਸਨੂੰ ਰੋਕ ਸਕਣਾ ਜਾਂ ਅਗੇ ਪਾਣਾ ਕਿਸੇ ਵੀ ਤਰ੍ਹਾਂ ਮੁਮਕਿਨ ਨਹੀਂ ਹੈ।

ਆਧੁਨਿਕ ਸਮੇਂ ਵਿੱਚ ਵਿਗਿਆਨ ਅਤੇ ਤਕਨੀਕ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹ ਕੇ ਹਰ ਨਾ-ਮੁਮਕਿਨ ਨੂੰ ਮੁਮਕਿਨ ਵਿੱਚ ਤਬਦੀਲ ਕਰ ਰਹੀ ਹੈ। ਅਜਿਹੇ ਢੰਗ ਈਜਾਦ ਕਰ ਲਏ ਹਨ ਕਿ ਸਰੀਰ ਦੇ ਅੰਦਰ ਅਤੇ ਬਾਹਰ ਦੇ ਹਰ ਅੰਗ ਦੇ ਸੂਖਮ ਤੋਂ ਸੂਖਮ ਹਿੱਸੇ ਦੇ ਰਹੱਸ ਤੋਂ ਪਰਦਾ ਉਠ ਚੁਕਾ ਹੈ। ਬ੍ਰਹਿਮੰਡ ਕਿਸ ਤਰ੍ਹਾਂ ਦਾ ਹੈ ਅਤੇ ਕੀ ਹੈ, ਕੀ ਵਾਪਰਨਾ ਹੈ ਅਤੇ ਕਿਸ ਤਰ੍ਹਾਂ ਦੇ ਵਾਪਰਨ ਦੀ ਸੰਭਾਵਨਾ ਹੈ, ਇਹ ਮਨੁੱਖੀ ਗਿਆਨ ਦਾ ਹਿੱਸਾ ਬਣ ਚੁਕਾ ਹੈ। ਪਰ ਬਾਵਜੂਦ ਇਸ ਦੇ, ਨਾ ਤਾਂ ਮੌਤ ਦੇ ਰਹੱਸ ਤੋਂ ਪਰਦਾ ਉੱਠ ਸਕਿਆ ਹੈ ਅਤੇ ਨਾ ਹੀ ਮੌਤ ਨੂੰ ਰੋਕਣ ਦਾ ਕੋਈ ਢੰਗ ਈਜ਼ਾਦ ਹੋ ਸਕਿਆ ਹੈ। ਇਸ ਲਈ ਸਮੁੱਚਾ ਸੰਸਾਰ ਹੀ ਮੌਤ ਦੇ ਡਰ ਤੋਂ ਭੈ-ਭੀਤ ਹੈ ਅਤੇ ਰਹੇਗਾ ਵੀ। ਪਰ ਇਸ ਮੌਤ ਦੇ ਖੌਫ਼ ਦੇ ਬਾਵਜੂਦ ਸੰਸਾਰ ਦੇ ਕਿਸੇ ਵੀ ਧਰਮ ਜਾਂ ਕੌਮ ਦੇ ਇਤਿਹਾਸ ਵੱਲ ਜੇਕਰ ਝਾਤ ਮਾਰੀ ਜਾਵੇ ਤਾਂ ਕੁਝ ਲੋਕ ਅਜਿਹੇ ਵੀ ਨਜ਼ਰ ਆਉਂਦੇ ਹਨ ਜਿਹੜੇ ਮੌਤ ਤੋਂ ਬੇਖੌਫ਼, ਮੌਤ ਨੂੰ ਮਖੌਲਾਂ ਕਰਨ ਵਾਲਿਆਂ ਦੀ ਪੰਗਤੀ ਵਿੱਚ ਖੜ੍ਹੇ ਨਜ਼ਰ ਆਉਂਦੇ ਹਨ। ਇਹ ਲੋਕ ਆਪਣੀ ਕੁਦਰਤੀ ਮੌਤ ਦੀ ਉਡੀਕ ਨਾ ਕਰਦੇ ਹੋਏ, ਹਰ ਤਰ੍ਹਾਂ ਦੇ ਸ਼ੋਸ਼ਨ, ਜ਼ੁਲਮ, ਧਾਰਮਿਕ ਪੱਖਪਾਤ ਅਤੇ ਮਨੁੱਖਤਾ ਦੇ ਬੋਲ-ਬਾਲੇ ਵਾਸਤੇ ਆਪਣੀ ਮੌਤ ਨੂੰ ਆਪ ਗਲੇ ਮਿਲਦੇ ਹਨ। ਅਜਿਹੇ ਲੋਕਾਂ ਨੂੰ 'ਸ਼ਹੀਦ' ਅਤੇ ਉਹਨਾਂ ਦੀ ਸਵੈ-ਕੁਰਬਾਨੀ ਨੂੰ 'ਸ਼ਹਾਦਤ' ਦੇ ਦਰਜੇ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਸ਼ਹਾਦਤ ਕੋਈ ਅਣਚਾਹੀ ਮੌਤ ਮਰਨ ਦਾ ਨਾਮ ਨਹੀਂ ਹੈ, ਸਗੋਂ ਅਜਿਹੀ ਸਿਦਕ ਸਬੂਰੀ ਹੈ ਜਿਸ ਦੇ ਧਾਰਨੀ ਹੋ ਕੇ ਤਸ਼ੱਦਦ, ਜ਼ੁਲਮ ਅਤੇ ਸ਼ੋਸ਼ਨ ਵਿਰੁੱਧ ਸਹਿਨਸ਼ੀਲਤਾ ਦੀ ਦਿਗ-ਵਿਜੈ ਸਥਾਪਤ ਕਰਨੀ ਹੈ। ਇਸ ਤਰ੍ਹਾਂ ਦੇ ਮਹਾਨ ਲੋਕਾਂ ਦੀਆਂ ਸਵੈ-ਸ਼ਹਾਦਤਾਂ ਨਾਲ ਹੀ ਕੌਮੀਅਤਾਂ ਦੀ ਆਜ਼ਾਦੀ ਅਤੇ ਧਰਮ ਦੀ ਰਖਵਾਲੀ ਸੰਭਵ ਹੁੰਦੀ ਹੈ।


ਸਪਸ਼ਟ ਹੈ ਕਿ ਮਨੁੱਖ ਜਦੋਂ ਦੇਹ ਦੇ ਮੋਹ ਤੋਂ ਮੁਕਤ ਹੁੰਦਾ ਹੈ, ਤਾਂ ਉਹ ਇਲਾਹੀ ਗੁਹਜ ਨਾਲ ਇਕਸੁਰਤਾ ਪ੍ਰਾਪਤ ਕਰ ਲੈਂਦਾ ਹੈ। ਇਥੇ "**ਤੂੰ ਤੂੰ ਕਰਤਾ ਤੂ ਹੂਆ**" ਵਾਲੀ ਸਥਿਤੀ ਦਾ ਜਨਮ ਹੁੰਦਾ ਹੈ। ਜਦੋਂ 'ਮੈਂ' ਤੋਂ 'ਤੂੰ' ਵਿੱਚ ਪ੍ਰਵੇਸ਼ ਕਰ ਲਿਆ ਤਾਂ ਫਿਰ ਮੌਤ ਦਾ ਭੈਅ ਕਿਥੇ। ਉਹ ਨਿਰਭਉ ਸ਼ਕਤੀ ਦਾ ਮਾਲਿਕ ਬਣ ਜਾਂਦਾ ਹੈ। ਇਸੇ ਨੂੰ ਇਕ ਸਿੱਖ ਵਿਦਵਾਨ ਆਪਣੇ ਕਾਵਿਕ ਸ਼ਬਦਾਂ ਵਿੱਚ ਇਸ ਤਰ੍ਹਾਂ ਪ੍ਰਗਟਾਉਂਦਾ ਹੈ :

ਸ਼ਹਾਦਤ, ਮਨੁੱਖ ਦਾ ਰੂਹਾਨੀ ਸਫ਼ਰ ਅਜੀਮ ਸਾਬਤ ਹੋ ਜਾਂਦਾ ਹੈ
ਅਤੇ ਉਸਨੂੰ ਹਾਸਲ ਕਰਦੇ ਹੋਏ ਰਹਿਮ ਵਿੱਚ ਅੰਤਮ-ਨਾਂਹ ਨੂੰ
ਆਪਣੇ ਵਿੱਚ ਸਮੋ ਲੈਣ ਦੀ ਤਾਕਤ ਆ ਜਾਂਦੀ ਹੈ
ਅਤੇ ਫਿਰ ਸ਼ਹੀਦ ਸਦਾ ਜਿਊਂਦਾ ਹੈ।

ਅਤੇ ਉਸਦੀ ਸ਼ਹਾਦਤ ਜੀਵਨ ਜਿਊਣ ਦੀ ਜਾਚ ਸਿਖਾਉਂਦੀ ਹੈ। ਅਜਿਹੀ ਅਵੱਸਥਾ ਵੱਲ ਗੁਰਬਾਣੀ ਇਸ ਤਰ੍ਹਾਂ ਇਸ਼ਾਰਾ ਕਰਦੀ ਹੈ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।।

(ਗੁ.ਗ੍ਰੰ. ਸਾ. ਪੰਨਾ 1105)



ਸ਼ਹੀਦ

ਸ਼ਹੀਦ ਸ਼ਬਦ ਲਈ ਯੂਨਾਨੀ (ਗ੍ਰੀਕ) ਭਾਸ਼ਾ ਵਿੱਚ UATUP ਜਾਂ Uaptus ਸ਼ਬਦ ਵਰਤਿਆ ਗਿਆ ਹੈ। ਇਸ ਦੀ ਵਰਤੋਂ 'ਸ਼ਾਹਦ' ਜਾਂ 'ਗਵਾਹ' ਦੇ ਅਰਥਾਂ ਦੇ ਤੌਰ 'ਤੇ ਕੀਤੀ ਗਈ ਹੈ। ਯੂਨਾਨੀ ਲੋਕਾਂ ਵੱਲੋਂ ਇਸ ਸ਼ਬਦ ਦੀ ਵਰਤੋਂ ਪਹਿਲੀ ਵਾਰ ਯਹੂਦੀ ਕੌਮ ਲਈ ਕੀਤੀ ਗਈ। ਯਹੂਦੀ ਲੋਕ ਸੰਕਟ ਦੇ ਸਮੇਂ ਮਿਸਰ (Egypt) ਦੇਸ਼ ਵਿੱਚ ਵੱਸ ਗਏ। ਉਥੋਂ ਦੇ ਲੋਕਾਂ ਨੇ ਇਹਨਾਂ ਦਾ ਸੁਆਗਤ ਕੀਤਾ। ਬੇਹੱਦ ਮਿਹਨਤੀ ਹੋਣ ਕਰਕੇ, ਬਹੁਤ ਵੱਧੇ-ਫੁੱਲੇ ਅਤੇ ਕੁਝ ਸਮੇਂ ਵਿੱਚ ਹੀ ਯਹੂਦੀ ਲੋਕ ਆਪਣੀ ਕਾਬਲੀਅਤ ਸਦਕਾ ਮਿਸਰ ਦੇ ਧਨਾਢ ਲੋਕਾਂ ਵਿੱਚ ਗਿਣੇ ਜਾਣ ਲਗ ਪਏ। ਇਥੋਂ ਹੀ ਮਿਸਰ ਲੋਕਾਂ ਦੇ ਮਨਾਂ ਵਿੱਚ ਇਹਨਾਂ ਲਈ ਈਰਖਾ ਅਤੇ ਨਫ਼ਰਤ ਦੇ ਭਾਵ ਜਾਗਣ ਲਗੇ। ਜਦੋਂ ਇਹ ਭਾਵਨਾ ਪੈਦਾ ਹੋ ਜਾਵੇ ਕਿ ਬਾਹਰਲੇ ਲੋਕ ਮਾਲਕ ਅਤੇ ਵਸਨੀਕ ਨੌਕਰ ਬਣ ਰਹੇ ਹਨ, ਤਾਂ ਇਹ ਸਹਿਣ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਮਿਸਰੀਆਂ ਨੂੰ ਆਪਣਾ ਆਲਸੀ ਸੁਭਾਅ ਨਜ਼ਰ ਨਾ ਆਇਆ, ਸਗੋਂ ਯਹੂਦੀਆਂ ਦੀ ਆਮਦ ਹੀ ਆਪਣੀ ਮੰਦਹਾਲੀ ਦਾ ਕਾਰਣ ਲੱਗਣ ਲੱਗੀ। ਜਦੋਂ ਅਤੇ ਜਿੱਥੇ ਵੀ ਇਹ ਸੋਚ ਭਾਰੂ ਹੋਈ, ਉਥੇ ਬਾਹਰਲੇ ਲੋਕਾਂ ਲਈ ਨਤੀਜੇ ਮਾਰੂ ਨਿਕਲੇ।

ਯਹੂਦੀਆਂ ਲਈ ਸਮੱਸਿਆਵਾਂ ਦੇ ਜੰਗਲ ਉੱਗਣ ਲਗੇ ਭਾਵ ਯਹੂਦੀਆਂ ਪ੍ਰਤੀ ਨਫ਼ਰਤ ਦੀ ਭਾਵਨਾ ਪ੍ਰਜਵਲਤ ਹੋ ਗਈ, ਸਖ਼ਤੀਆਂ ਦੇ ਦੌਰ ਸ਼ੁਰੂ ਹੋ ਗਏ ਅਤੇ ਪਾਬੰਦੀਆਂ ਆਇਦ ਹੋਣ ਲੱਗੀਆਂ। ਯਹੂਦੀਆਂ ਦਾ ਸਾਹ ਘੁੱਟਣ ਲਗਾ ਪਰ ਬੇਬਸੀ ਦੇ ਆਲਮ ਵਿੱਚ ਲੀਂਹ ਕੁੱਟਣ ਵਾਂਗ ਜਿਊਣਾ, ਉਹਨਾਂ ਦੇ ਮੁਕੱਦਰ ਦਾ ਹਿੱਸਾ ਹੋ ਗਿਆ ਸੀ। ਫਲਸਰੂਪ ਯਹੂਦੀ ਲੋਕ ਮਿਸਰੀਆਂ ਦੀ ਗ਼ੁਲਾਮੀ ਵਿੱਚ ਜ਼ਿੰਦਗੀ ਬਤੀਤ ਕਰਨ ਲਗੇ। ਉਥੋਂ ਦੇ ਸ਼ਾਸਕ ਜਿਸਨੂੰ 'ਫ਼ਰਾਊਨ' ਕਹਿਆ ਜਾਂਦਾ ਸੀ, ਨੇ ਜ਼ੁਲਮਾਂ ਦੀ ਹਨੇਰੀ ਲੈ ਆਂਦੀ। ਉਸ ਦੇ ਜ਼ੁਲਮ ਇਥੋਂ ਤਕ ਵੱਧ ਚੁਕੇ ਸਨ ਕਿ ਉਸ ਦੇ ਹੁਕਮ ਨਾਲ ਯਹੂਦੀਆਂ ਦੇ ਘਰ ਜੰਮਣ ਵਾਲੇ ਹਰ ਲੜਕੇ ਨੂੰ ਕਤਲ ਕਰ ਦਿੱਤਾ ਜਾਣ ਲਗਾ। ਪਰ ਇਸ ਦੇ ਬਾਵਜੂਦ ਯਹੂਦੀ ਆਪਣੇ ਧਾਰਮਿਕ ਅਸੂਲਾਂ 'ਤੇ ਦ੍ਰਿੜ ਰਹਿ ਕੇ ਕੁਰਬਾਨੀਆਂ ਦੇ ਰਹੇ ਸਨ। ਅਜਿਹੇ ਸਿਰੜ ਅਤੇ ਸੱਚ ਵਾਲੀ ਦ੍ਰਿੜਤਾ ਵੇਖਦੇ ਹੋਏ ਯੂਨਾਨੀ ਲੋਕਾਂ ਨੇ ਉਹਨਾਂ ਨੂੰ ਆਪਣੇ 'ਯਾਹੋਵਾ' (God) ਦੇ ਸ਼ਾਹਦ ਜਾਂ 'ਗਵਾਹ' ਪ੍ਰਵਾਨ ਕੀਤਾ ਅਤੇ ਦੁਨੀਆ ਵਿੱਚ ਪਹਿਲੀ ਵਾਰ ਸ਼ਹੀਦ ਜਾਂ ਸ਼ਹਾਦਤ ਦਾ ਸੰਕਲਪ ਧਰਮਾਂ ਦੇ ਇਤਿਹਾਸ ਵਿੱਚ ਰੂਪਮਾਨ ਹੋਣ ਲਗਾ। ਆਧੁਨਿਕ ਸਮੇਂ ਵਿੱਚ ਸ਼ਹੀਦ ਜਾਂ ਸ਼ਹਾਦਤ ਸ਼ਬਦ ਨੂੰ ਅਰਬੀ/ਫ਼ਾਰਸੀ ਦੇ ਸ਼ਬਦ ਵਜੋਂ ਮਾਨਤਾ ਦਿੱਤੀ ਗਈ ਹੈ, ਜਿਸਦੀ ਗਵਾਹੀ 'ਪਵਿੱਤਰ ਕੁਰਆਨ' ਦੀਆਂ ਆਇਤਾਂ ਵਿੱਚ ਰੂਪਮਾਨ ਹੁੰਦੀ ਵੀ ਦਰਸਾਈ ਹੈ। ਪਰ ਸ਼ਹੀਦ ਅਤੇ ਸ਼ਹਾਦਤ ਦਾ ਇਹ ਪਵਿੱਤਰ ਸ਼ਬਦ ਅਤੇ ਸੰਕਲਪ ਇਸਲਾਮ ਤੋਂ ਬਹੁਤ ਚਿਰ ਪਹਿਲਾ ਹੋਂਦ ਵਿੱਚ ਆ ਚੁਕਾ ਸੀ।


ਵੱਖ-ਵੱਖ ਧਰਮਾਂ ਵਿੱਚ ਸ਼ਹਾਦਤ

ਸੰਸਾਰ ਦੇ ਪ੍ਰਸਿੱਧ ਧਰਮਾਂ ਵਿੱਚ ਯਹੂਦੀ, ਈਸਾਈ, ਇਸਲਾਮ, ਹਿੰਦੂ ਅਤੇ ਸਿੱਖ ਧਰਮ ਪ੍ਰਮੁੱਖ ਹਨ। ਇਹਨਾਂ ਧਰਮਾਂ ਦਾ ਆਪੋ-ਆਪਣਾ ਨਿਵੇਕਲਾ ਇਤਿਹਾਸ ਹੈ। ਹਰ ਧਰਮ ਨੇ ਆਪਣੇ ਧਰਮ ਦੇ ਪਵਿਤਰ ਸਿਧਾਂਤਾਂ ਸਦਕਾ ਵੱਡੀਆਂ ਕੌਮੀਅਤਾਂ ਦੀ ਸਿਰਜਨਾ ਕੀਤੀ, ਜਿਹੜੀਆਂ ਸੈਂਕੜੇ-ਹਜ਼ਾਰਾਂ ਸਾਲ ਪੁਰਾਣੀਆਂ ਹੋਣ ਦੇ ਬਾਵਜੂਦ ਆਪਣੇ ਧਰਮ ਦੇ ਸਿਧਾਂਤ ਨੂੰ ਜਿਉਂ ਦਾ ਤਿਉਂ ਨਵਾਂ-ਨਰੋਆ ਵੀ ਰਖ ਰਹੀਆਂ ਹਨ ਅਤੇ ਧਰਮਾਂ ਦੀ ਲਟ-ਲਟ ਬਲ ਰਹੀ ਲਾਟ ਲਈ ਵਾੜ ਦਾ ਕੰਮ ਵੀ ਕਰ ਰਹੀਆਂ ਹਨ। ਇਹਨਾਂ ਧਰਮਾਂ ਦੇ ਧਰਮ ਗ੍ਰੰਥ ਹਨ :


ਯਹੂਦੀ ਧਰਮ ਦਾ	:	ਪੁਰਾਣਾ ਅਹਿਦਨਾਮਾ
ਈਸਾਈ ਧਰਮ ਦਾ	:	ਨਵਾਂ ਅਹਿਦਨਾਮਾ
ਇਸਲਾਮ ਧਰਮ ਦਾ	:	ਪਵਿੱਤਰ ਕੁਰਆਨ
ਹਿੰਦੂ ਧਰਮ ਦੇ	:	ਪਵਿੱਤਰ ਵੇਦ
ਸਿੱਖ ਧਰਮ ਦਾ	:	ਸ੍ਰੀ ਗੁਰੂ ਗ੍ਰੰਥ ਸਾਹਿਬ

ਇਹਨਾਂ ਧਰਮ ਗ੍ਰੰਥਾਂ ਨੇ ਜਿਸ ਤਰ੍ਹਾਂ ਸ਼ਹਾਦਤ ਦਾ ਸੰਕਲਪੀ ਰੂਪ ਸਾਹਮਣੇ ਲਿਆਂਦਾ ਅਤੇ ਉਸ ਸੰਕਲਪ ਤੇ ਸ਼ਹਾਦਤ ਦਾ ਜੋ ਇਤਿਹਾਸ ਸਿਰਜਿਆ ਗਿਆ, ਉਸ ਨੂੰ ਵੱਖ-ਵੱਖ ਧਰਮਾਂ ਦੇ ਪ੍ਰਸੰਗ ਵਿੱਚ ਵੇਖਣ ਦਾ ਯਤਨ ਕਰਦੇ ਹਾਂ।











ਯਹੂਦੀ ਧਰਮ

ਯਹੂਦੀ ਧਰਮ ਦੁਨੀਆਂ ਦਾ ਬਹੁਤ ਪੁਰਾਣਾ ਧਰਮ ਹੈ ਅਤੇ ਸਾਮੀ ਧਰਮਾਂ ਦੀ ਲੜੀ ਵਿੱਚ ਇਸ ਦਾ ਪਹਿਲਾ ਸਥਾਨ ਹੈ। ਇਸ ਧਰਮ ਦਾ ਆਰੰਭ ਪੈਗ਼ੰਬਰ ਇਬਰ ਦੇ ਯਾਹੋਵਾ (God) ਨਾਲ ਸਮਝੌਤੇ ਤੋਂ ਹੁੰਦਾ ਹੈ ਅਤੇ ਪੈਗੰਬਰ ਮੋਜ਼ਿਜ਼ ਇਸ ਧਰਮ ਦਾ ਸਿਖਰ ਹਨ। ਪੈਗੰਬਰ ਮੋਜ਼ਿਜ਼ ਦਾ ਜਨਮ ਵੀ ਮਿਸਰ ਦੀ ਧਰਤੀ 'ਤੇ ਹੀ ਹੋਇਆ ਸੀ ਅਤੇ ਭਗੌੜੇ ਦੇ ਰੂਪ ਵਿੱਚ ਉਸਨੂੰ ਮਿਸਰ ਛੱਡਣਾ ਪਿਆ ਸੀ। ਜਲਾਵਤਨੀ ਦੇ ਸਮੇਂ ਵਿੱਚ ਹੀ ਉਸ ਦਾ ਵਿਆਹ ਮਿਦੀਆਨ ਕਸਬੇ ਦੇ ਇਕ ਪੁਜਾਰੀ ਦੀ ਬੇਟੀ ਜੀਪੋਰਾਹ ਨਾਲ ਹੋਇਆ ਅਤੇ ਉਸਨੇ ਉਥੇ ਰਹਿ ਕੇ ਭੇਡਾਂ-ਬਕਰੀਆਂ ਚਾਰ ਕੇ ਜ਼ਿੰਦਗੀ ਦਾ ਨਿਰਬਾਹ ਕਰਨਾ ਆਪਣਾ ਜ਼ਿੰਦਗੀ ਦਾ ਮਕਸਦ ਬਣਾ ਲਿਆ ਸੀ। ਉਥੋਂ ਦੇ ਹੈਰੋਬ ਪਰਬਤ ਉਪਰ ਇਕ ਦਿਨ ਉਸ ਦਾ ਯਾਹੋਵਾ ਨਾਲ ਸਮਝੌਤਾ ਹੁੰਦਾ ਹੈ ਅਤੇ ਉਹ ਪੈਗ਼ੰਬਰ ਚੁਣਿਆ ਜਾਂਦਾ ਹੈ। ਯਾਹੋਵਾ ਉਸਨੂੰ ਦਸ ਨਿਯਮਾਂ (Ten Commandments) ਦੀ ਇਕ ਤਖ਼ਤੀ ਦਿੰਦਾ ਹੈ, ਜਿਸਨੂੰ ਬਾਅਦ ਵਿੱਚ ਯਹੂਦੀਆਂ ਦੀ ਜ਼ਿੰਦਗੀ ਦਾ ਸਮੁੱਚਾ ਵਿਧੀ-ਵਿਧਾਨ ਪ੍ਰਵਾਨ ਕੀਤਾ ਗਿਆ। ਇਨ੍ਹਾਂ ਦਸ ਨਿਯਮਾਂ ਵਿੱਚ ਮਨੁੱਖ ਦੇ ਆਪਣੇ ਧਰਮ ਪ੍ਰਤੀ, ਆਪਣੇ ਸਹਿ-ਧਰਮੀ ਮਨੁੱਖਾਂ ਪ੍ਰਤੀ ਅਤੇ ਰੱਬ ਪ੍ਰਤੀ ਫ਼ਰਜ਼ਾਂ ਦਾ ਸਪਸ਼ਟ ਉਲੇਖ ਹੈ। ਇਸੇ ਉਲੇਖ ਵਿਚੋਂ ਸ਼ਹੀਦ ਅਤੇ ਸ਼ਹਾਦਤ ਦੇ ਸੰਕਲਪ ਦੀ ਤਸਵੀਰ ਵੀ ਉਘੜਦੀ ਨਜ਼ਰ ਆਉਂਦੀ ਹੈ।

ਯਹੂਦੀ ਧਰਮ ਦਾ ਇਹ ਵਿਸ਼ਵਾਸ ਹੈ ਕਿ ਦੁਨੀਆ ਵਿੱਚ ਕੇਵਲ ਉਨ੍ਹਾਂ ਦੀ ਹੀ ਕੌਮੀਅਤ ਹੈ ਜਿਸਨੂੰ ਪਰਮਾਤਮਾ ਨੇ ਸਭ ਤੋਂ ਪਹਿਲਾਂ ਚੁਣਿਆ। ਇਸ ਲਈ ਉਹ ਆਪਣੇ ਆਪ ਨੂੰ ਯਾਹੋਵਾ ਦੇ ਚੁਣੇ ਹੋਏ ਲੋਕ ਪ੍ਰਵਾਨ ਕਰਦੇ ਹਨ। ਜਦੋਂ ਉਨ੍ਹਾਂ ਨੂੰ ਹੀ ਪਰਮਾਤਮਾ ਨੇ ਚੁਣਿਆ ਹੈ ਤਾਂ ਦੁਨੀਆ ਦੇ ਧਰਮਾਂ ਵਿੱਚ ਉਨ੍ਹਾਂ ਦੀ ਉਚਤਤਾ ਤਾਂ ਆਪਣੇ ਆਪ ਹੀ ਸਥਾਪਤ ਹੋ ਜਾਂਦੀ ਹੈ। ਇਸ ਲਈ ਉਚਤਤਾ ਵਾਲੇ ਇਸ ਧਰਮ 'ਤੇ ਕੋਈ ਕਿੰਤੂ-ਪ੍ਰੰਤੂ ਕਰੇਗਾ ਤਾਂ ਫਿਰ ਉਸਨੂੰ ਯਹੂਦੀ ਧਰਮੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਇਹ ਭਾਵਨਾ ਉਨ੍ਹਾਂ ਵਿੱਚ ਐਨੀ ਪ੍ਰਬਲ ਸੀ ਕਿ ਮਿਸਰ ਦੇਸ਼ ਵਿੱਚ ਜਦੋਂ ਉਨ੍ਹਾਂ 'ਤੇ ਪਹਿਲੀ ਵਾਰ ਸਖ਼ਤੀਆਂ ਦਾ ਦੌਰ ਸ਼ੁਰੂ ਹੋਇਆ ਤਾਂ ਉਹ ਆਪਣੇ ਵਿਸ਼ਵਾਸ 'ਤੇ ਦ੍ਰਿੜਤਾ ਨਾਲ ਪਹਿਰਾ ਦਿੰਦੇ ਹੋਏ ਧਰਮ ਛੱਡਣ ਦੀ ਬਜਾਏ ਮੌਤ ਨੂੰ ਚੁਣਨ ਲਗੇ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਹ ਸਤਿ ਦੀ ਸਥਾਪਤੀ ਲਈ ਉਨ੍ਹਾਂ ਦੀ ਗਵਾਹੀ ਹੈ ਅਤੇ ਜੋ ਗਵਾਹ ਬਣਦਾ ਹੈ, ਉਸਨੂੰ ਹੀ ਸ਼ਹੀਦ ਦੇ




ਰੁਤਬੇ ਨਾਲ ਨਿਵਾਜਿਆ ਜਾਂਦਾ ਹੈ। ਉਹ ਇਸਨੂੰ ਰੱਬੀ ਹੁਕਮ ਦੀ ਅਵੱਗਿਆ ਕਰਨ ਵਾਲਿਆਂ ਵਿਰੁੱਧ ਸਤਿਵਾਦੀਆਂ ਦਾ ਸਿਰਜਿਆ ਇਤਿਹਾਸ ਮੰਨਦੇ ਅਤੇ ਦਿੱਤੀ ਕੁਰਬਾਨੀ ਨੂੰ ਧਰਮ ਲਈ ਸ਼ਹਾਦਤ।

ਇਸ ਤਰ੍ਹਾਂ ਯਹੂਦੀ ਧਰਮ ਵਿੱਚ ਸ਼ਹਾਦਤ ਦਾ ਸੰਕਲਪ ਕੇਵਲ ਗਵਾਹੀ ਵਜੋਂ ਸਥਾਪਤ ਹੁੰਦਾ ਹੈ। ਯਹੂਦੀ ਕੌਮ ਸ਼ਹਾਦਤ ਦੀਆਂ ਅਨੇਕਾਂ ਘਟਨਾਵਾਂ ਆਪਣੇ ਉਪਰ ਹੰਢਾਉਂਦੀ ਹੈ। ਪਰ ਇਹ ਘਟਨਾਵਾਂ ਉਨ੍ਹਾਂ ਦੀ ਨਜ਼ਰ ਦੇ ਪਾਰ ਦੈਵੀ ਕਰਮ ਦਾ ਰੂਪ ਧਾਰਨ ਨਾ ਕਰ ਸਕੀਆਂ। ਸ਼ਹਾਦਤ ਦਾ ਇਹ ਸਫ਼ਰ ਇਲਾਹੀ ਨਜ਼ਰ ਦੇ ਪੈਂਡਿਆਂ ਵੱਲ ਜਾਂਦਾ ਤਾਂ ਜ਼ਰੂਰ ਨਜ਼ਰ ਆਉਂਦਾ ਹੈ, ਪਰ ਪੈਂਡਿਆਂ ਦਾ ਸਫ਼ਰ ਮੰਜ਼ਿਲ ਨਾਲ ਅਭੇਦ ਨਹੀਂ ਹੁੰਦਾ ਅਤੇ ਉਸ ਦੇ ਰਸਤੇ ਦਾ ਰੋੜਾ ਸ਼ਾਇਦ **'ਕੇਵਲ ਅਸੀਂ ਚੁਣੇ ਹੋਏ ਹਾਂ'** ਦਾ ਹਉਮੈ ਭਰਿਆ ਵਿਸ਼ਵਾਸ ਹੈ।

ਇਸੇ ਕਰਕੇ ਉਨ੍ਹਾਂ ਦੀ ਸ਼ਹਾਦਤ ਕੇਵਲ ਆਪਣੇ ਧਰਮ ਅਤੇ ਆਪਣੇ ਧਰਮ ਦੇ ਲੋਕਾਂ ਤਕ ਸੀਮਿਤ ਸੀ। ਦੂਜੇ ਧਰਮਾਂ ਦੇ ਲੋਕਾਂ ਨੂੰ ਯਹੂਦੀ ਖ਼ੁਦ ਵੀ ਨਫ਼ਰਤ ਦੀ ਨਜ਼ਰ ਨਾਲ ਵੇਖਦੇ ਸਨ। ਇਸ ਦਾ ਸਪਸ਼ਟ ਪ੍ਰਗਟਾਅ ਯਹੂਦੀਆਂ ਦੁਆਰਾ ਬਾਅਦ ਵਿੱਚ ਈਸਾਈ ਧਰਮ ਨਾਲ ਕੀਤੇ ਵਿਵਹਾਰ ਤੋਂ ਹੋ ਜਾਂਦਾ ਹੈ। ਉਨ੍ਹਾਂ ਦੀ ਹਠ-ਧਰਮੀ ਸਦਕਾ ਪੈਗੰਬਰ ਯੀਸੂ-ਮਸੀਹ ਸੂਲੀ 'ਤੇ ਟੰਗ ਦਿੱਤੇ ਗਏ ਸੀ।


ਇਹ ਸਿੱਖ ਧਰਮ ਵਿਚਲੇ ਸ਼ਹਾਦਤ ਦੇ ਸੰਕਲਪ, ਜਿਸ ਦੀ ਗੱਲ ਅਸੀਂ ਅੱਗੇ ਕਰਾਂਗੇ, ਨਾਲੋਂ ਸਪਸ਼ਟ ਵਖਰੇਵੇਂ 'ਤੇ ਸੀ। ਸਿੱਖ ਧਰਮ ਵਿੱਚ ਰੱਬ ਸਭ ਦਾ ਹੈ ਅਤੇ ਸਭ ਰੱਬ ਦੇ। ਇਸ ਲਈ ਉਸਦੀ ਕਰਤਾਰੀ ਰਚਨਾ ਚਾਹੇ ਕਿਸੇ ਵੀ ਧਰਮ ਜਾਂ ਰੂਪ ਵਿੱਚ ਹੋਵੇ, ਉਸਦੀ ਸਮੱਸਿਆਵਾਂ ਦੇ ਸਮਾਧਾਨਾਂ ਲਈ ਸਿਰ-ਧੜ ਦੀ ਬਾਜ਼ੀ ਲਾਉਣ ਵੇਲੇ ਇਹ ਵੇਖਣ ਦਾ ਹੁਕਮ ਨਹੀਂ ਹੈ ਕਿ ਉਹ ਕਿਸ ਧਰਮ ਜਾਂ ਜਾਤ ਨਾਲ ਸਬੰਧਤ ਹੈ।



ਈਸਾਈ ਧਰਮ

ਬਾਈਬਲ ਦਾ ਸਿਧਾਂਤ ਹੈ ਕਿ ਆਦਮ (Adam) ਅਤੇ ਹਵਾ (Eve) ਰੱਬ ਦੀ ਪਹਿਲੀ ਰਚਨਾ ਹੈ। ਇਨ੍ਹਾਂ ਰਾਹੀਂ ਹੀ ਸੰਸਾਰ ਦੀ ਰਚਨਾ ਹੋਈ ਅਤੇ ਮਨੁੱਖੀ ਨਸਲ ਅਗੇ ਚਲੀ। ਆਦਮ ਦੀ ਸੰਤਾਨ ਵਿੱਚ ਵਾਧਾ ਹੁੰਦਾ ਗਿਆ ਅਤੇ ਫਿਰ ਇਹ ਕਈ ਕਬੀਲਿਆਂ ਦਾ ਰੂਪ ਧਾਰਨ ਕਰ ਗਈ। ਇਹ ਕਬੀਲੇ ਅਗੋਂ ਵੱਖ-ਵੱਖ ਕੌਮੀਅਤਾਂ ਵਿੱਚ ਤਬਦੀਲ ਹੁੰਦੇ ਗਏ। ਸਮੇਂ ਦੇ ਬੀਤਣ ਨਾਲ ਇਨ੍ਹਾਂ ਕੌਮਾਂ ਨੇ ਪਰਮੇਸ਼ਵਰ ਦੇ ਸਚੇ-ਸੁਚੇ ਸਿਧਾਂਤਾਂ ਦੀ ਅਵਹੇਲਨਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਪਰਮਾਤਮਾ ਦੇ ਰਸਤੇ ਤੋਂ ਭਟਕ ਗਏ। ਇਨ੍ਹਾਂ ਨੂੰ ਦੁਬਾਰਾ ਪਰਮੇਸ਼ਵਰ ਦੇ ਸਚੇ ਰਸਤੇ 'ਤੇ ਲਿਆਉਣ ਲਈ ਪੈਗ਼ੰਬਰ ਭੇਜੇ ਗਏ।

ਪਹਿਲੇ ਦੌਰ ਦੇ ਪੈਗ਼ੰਬਰਾਂ ਵਿੱਚ ਹਜ਼ਰਤ ਨੂਹ ਪ੍ਰਮੁੱਖ ਹਨ ਜਿੰਨ੍ਹਾਂ ਦੀ ਉਮਰ ਲਗਭਗ ਦਸ ਸਦੀਆਂ ਸੀ। ਇਨ੍ਹਾਂ ਨੇ ਸਾਰੀ ਉਮਰ ਮਨੁਖਤਾ ਨੂੰ ਸਿੱਧੇ ਰਸਤੇ 'ਤੇ ਲਿਆਉਣ ਲਈ ਲਾ ਦਿੱਤੀ। ਪਰ ਮਨੁੱਖ ਦੇ ਮਨ ਵਿੱਚ ਪਰਮਾਤਮਾ ਦਾ ਡਰ ਬਿਲਕੁਲ ਖਤਮ ਹੋ ਚੁਕਾ ਸੀ। ਫਲਸਰੂਪ ਹਜ਼ਰਤ ਨੂਹ ਦੀ ਅਰਦਾਸ 'ਤੇ ਪਰਲੋ ਆ ਗਈ ਅਤੇ ਕੇਵਲ ਉਹ ਹੀ ਬਚੇ ਜਿਹੜੇ ਹਜ਼ਰਤ ਨੂਹ ਦੀ ਬੇੜੀ ਵਿੱਚ ਬੈਠੇ ਸਨ। ਇਸ ਪਰਲੋ ਤੋਂ ਬਾਅਦ ਧਰਤੀ ਫਿਰ ਆਬਾਦ ਹੋਈ ਅਤੇ ਪੈਗ਼ੰਬਰ ਉਨ੍ਹਾਂ ਦਾ ਮਾਰਗ-ਦਰਸ਼ਨ ਕਰਨ ਆਉਂਦੇ ਰਹੇ। ਪੈਗ਼ੰਬਰਾਂ ਦੀ ਦੂਜੀ ਲੜੀ ਵਿੱਚ ਪ੍ਰਮੁੱਖ ਹਜ਼ਰਤ ਇਬਰਾਹੀਮ ਸਨ ਜਿੰਨ੍ਹਾਂ ਨੇ ਪਰਮੇਸ਼ਵਰ ਦੇ ਰਾਹ ਦਾ ਪਾਂਧੀ ਬਣਨ 'ਤੇ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕੀਤਾ।



ਹਜ਼ਰਤ ਇਬਰਾਹੀਮ ਦੇ ਪੁੱਤਰ ਇਸਮਾਈਲ ਅਤੇ ਇਸਹਾਕ ਸਨ। ਇਨ੍ਹਾਂ ਨੇ ਵੀ ਮਨੁਖਤਾ ਦੀ ਭਲਾਈ ਹਿਤ ਅਨੇਕਾਂ ਕੁਰਬਾਨੀਆਂ ਕੀਤੀਆਂ। ਇਨ੍ਹਾਂ ਵਿੱਚ ਹੀ ਅਗੇ ਯੂਸਫ਼, ਮੂਸਾ, ਦਾਊਦ, ਸੁਲੇਮਾਨ, ਅਯੂਬ ਆਦਿ ਪੈਗ਼ੰਬਰ ਹੋਏ ਜਿੰਨ੍ਹਾਂ ਨੂੰ ਯਹੂਦੀਆਂ ਦੇ ਪੈਗ਼ੰਬਰ ਵਜੋਂ ਮਾਨਤਾ ਪ੍ਰਾਪਤ ਹੈ। ਇਸ ਤੋਂ ਬਾਅਦ ਪੈਗ਼ੰਬਰ ਯੀਸੂ ਮਸੀਹ ਆਉਂਦੇ ਹਨ ਅਤੇ ਸਾਮੀ ਧਰਮਾਂ ਵਿੱਚ ਦੂਜੇ ਧਰਮ ਦੇ ਤੌਰ 'ਤੇ ਈਸਾਈ ਧਰਮ ਦਾ ਸ਼ੁਮਾਰ ਹੁੰਦਾ ਹੈ। ਆਧੁਨਿਕ ਸਮੇਂ ਵਿੱਚ ਇਸ ਧਰਮ ਨੂੰ ਜੇਕਰ ਦੁਨੀਆ ਦਾ ਸਭ ਤੋਂ ਵੱਡਾ ਧਰਮ ਪ੍ਰਵਾਨ ਕਰ ਲਿਆ ਜਾਵੇ, ਤਾਂ ਸ਼ਾਇਦ ਕੋਈ ਅਤਿਕਥਨੀ ਨਹੀਂ ਹੋਵੇਗੀ।

ਇਸ ਧਰਮ ਦੇ ਬਾਨੀ ਯੀਸੂ ਮਸੀਹ ਦਾ ਜਨਮ ਮਾਤਾ ਮਰੀਅਮ ਦੀ ਕੁਖੋਂ

ਹੋਇਆ। ਯਹੂਦੀ ਧਰਤੀ, ਯਹੂਦੀ ਧਰਮ ਅਤੇ ਯਹੂਦੀ ਪਰਿਵਾਰ ਵਿੱਚ ਜਨਮ ਲੈਣ ਦੇ ਬਾਵਜੂਦ, ਇਸ ਧਰਮ ਦੇ ਪੈਗੰਬਰ ਨੇ ਯਹੂਦੀ ਕਟੜਵਾਦ ਵਿਰੁੱਧ ਅਹਿੰਸਾਤਮਕ ਸੰਗਰਾਮ ਕੀਤਾ ਅਤੇ ਪਿਆਰ ਤੇ ਨੇਕੀ ਦਾ ਸੰਦੇਸ਼ ਦਿੱਤਾ। ਪਰ ਖ਼ੁਦ ਕਟੜਵਾਦ ਦਾ ਸ਼ਿਕਾਰ ਹੋ ਕੇ ਸ਼ਹਾਦਤ ਦਾ ਜਾਮ ਪੀ ਗਿਆ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਪਿਆਰ ਅਤੇ ਨੇਕੀ ਦੇ ਨਾਲ-ਨਾਲ ਸ਼ਹਾਦਤ ਦੇ ਸੰਕਲਪ ਦਾ ਵੀ ਈਸਾਈ ਧਰਮ ਅਤੇ ਇਤਿਹਾਸ ਵਿੱਚ ਆਪਣਾ ਵਿਲੱਖਣ ਸਥਾਨ ਬਣ ਗਿਆ।

ਈਸਾਈ ਧਰਮ ਵਿੱਚ ਉਹ ਵਿਅਕਤੀ ਜੋ ਆਪਣੇ ਧਰਮ ਨੂੰ ਛੱਡਣ ਦੀ ਬਜਾਏ ਮੌਤ ਨੂੰ ਚੁੰਮਦਾ ਹੈ ਅਤੇ ਆਪਣੀ ਜ਼ਿੰਦਗੀ ਸੱਚਾਈ ਲਈ ਲੇਖੇ ਲਾਉਂਦਾ ਹੋਇਆ ਗਵਾਹੀ ਬਣਦਾ ਹੈ, ਸ਼ਹੀਦ ਮੰਨਿਆ ਜਾਂਦਾ ਹੈ। ਪੈਗ਼ੰਬਰ ਈਸਾ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੇ ਪੈਰੋਕਾਰਾਂ ਨੇ ਹਜ਼ਰਤ ਈਸਾ ਦਾ ਸੁਨੇਹਾ ਦੁਨੀਆ ਦੇ ਕੋਨੇ-ਕੋਨੇ ਵਿੱਚ ਪਹੁੰਚਾਣ ਲਈ ਹਰ ਔਖੀ ਘਾਟੀ ਨੂੰ ਸਰ ਕੀਤਾ ਹੈ।

ਈਸਾਈ ਧਰਮ ਵਿੱਚ ਵੀ ਸ਼ਹਾਦਤ ਦਾ ਅਰਥ ਗਵਾਹੀ ਪ੍ਰਵਾਨ ਕੀਤਾ ਗਿਆ ਹੈ। ਇਸ ਧਰਮ ਦੇ ਆਰੰਭ ਵੇਲੇ ਲੋਕਾਂ ਵੱਲੋਂ ਇਸ ਧਰਮ ਦਾ ਵਿਰੋਧ ਕੀਤਾ ਗਿਆ ਅਤੇ ਉਸ ਵਿਰੋਧ ਦੇ ਬਾਵਜੂਦ ਵੀ ਈਸਾ ਦੇ ਸਿਧਾਂਤ 'ਤੇ ਪੂਰੀ ਤਰ੍ਹਾਂ ਦ੍ਰਿੜ ਵਿਸ਼ਵਾਸ ਰਖਦਿਆਂ ਹੋਇਆ ਜਿਹੜੇ ਲੋਕਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਉਹਨਾਂ ਨੂੰ ਈਸਾਈ ਧਰਮ ਵਿੱਚ ਗਵਾਹੀ ਮੰਨ ਲਿਆ ਗਿਆ। ਇਸ ਧਰਮ ਵਿੱਚ ਸਭ ਤੋਂ ਵੱਡੀ ਗਵਾਹੀ ਜਾਂ ਕੁਰਬਾਨੀ ਉਹਨਾਂ ਦੇ ਪੈਗ਼ੰਬਰ ਦੀ ਹੀ ਮੰਨੀ ਗਈ ਹੈ, ਪਰ ਨਵੇਂ ਨੇਮ (New Testament) ਵਿੱਚ ਸੇਂਟ ਸਟੀਫਨ ਨੂੰ ਪਹਿਲਾ ਸ਼ਹੀਦ ਪ੍ਰਵਾਨ ਕੀਤਾ ਗਿਆ ਹੈ।



ਈਸਾ ਦਾ ਸਮਕਾਲੀਨ ਰਾਜ ਜਿਸਨੂੰ ਰੋਮਨ ਰਾਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਰਾਜ ਸੀ। ਇਸ ਰਾਜ ਵਿਰੁੱਧ ਜਿਸਨੇ ਵੀ ਸਿਰ ਚੁਕਿਆ, ਉਸਨੂੰ ਕੁਚਲ ਕੇ ਰਖ ਦਿੱਤਾ ਗਿਆ। ਪਰ ਈਸਾ ਦੇ ਸੱਚ ਨਾਲ ਇਕ-ਸੁਰ ਹੋਈਆਂ ਰੂਹਾਂ ਨੇ ਰੋਮਨ ਰਾਜ ਦੀ ਚੁਣੌਤੀ ਨੂੰ ਸਵੀਕਾਰ ਕਰਦਿਆਂ ਹੋਇਆਂ, ਉਸ ਅੱਗੇ ਕਿਸੇ ਵੀ ਤਰ੍ਹਾਂ ਝੁਕਣਾ ਨਾ-ਮਨਜ਼ੂਰ ਕਰ ਦਿੱਤਾ। ਫਲਸਰੂਪ ਤਿੰਨ ਸ਼ਤਾਬਦੀਆਂ ਵਿੱਚ ਈਸਾਈਆਂ ਨੂੰ ਵੱਡੇ ਘੱਲੂਘਾਰਿਆਂ ਦਾ ਸਾਹਮਣਾ ਕਰਨਾ ਪਿਆ ਜਿਸ ਵਿੱਚ ਹਜ਼ਾਰਾਂ ਈਸਾਈਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਪਰ ਇਸ ਦੇ ਬਾਵਜੂਦ ਵੀ ਸਿਧਾਂਤ ਨੂੰ ਅਮਲ

ਦੀ ਪੱਧਰ ਤੇ ਈਸਾਈ ਜੋਸ਼ ਨੂੰ ਕਿਸੇ ਵੀ ਤਰ੍ਹਾਂ ਘੱਟ ਕਰਨ ਤੋਂ ਰੋਮਨ ਸਮਰਾਜ ਪੂਰਨ ਤੌਰ 'ਤੇ ਅਸਮਰਥ ਸਿੱਧ ਹੋਇਆ। ਸਗੋਂ ਧਰਮ ਲਈ ਜਾਨ ਦੇਣ ਵਾਲਿਆਂ ਨੂੰ ਪੈਗ਼ੰਬਰ ਦੀ ਸਭ ਤੋਂ ਨੇੜੇ ਦੀ ਉਮਤ ਪ੍ਰਵਾਨ ਕੀਤਾ ਜਾਣ ਲਗਾ। ਇਹ ਵਿਸ਼ਵਾਸ ਵੀ ਸਾਹਮਣੇ ਆਇਆ ਕਿ ਸ਼ਹੀਦ ਨੂੰ ਸਵਰਗ ਦੀਆਂ ਸਾਰੀ ਖ਼ੁਸ਼ੀਆਂ ਨਾਲ ਨਿਵਾਜਿਆ ਜਾਂਦਾ ਹੈ, ਜਦਕਿ ਦੂਜੇ ਧਰਮੀ ਪੁਰਸ਼ਾਂ ਨੂੰ ਕਿਆਮਤ ਦੇ ਦਿਨ ਤਕ ਦੀ ਉਡੀਕ ਕਰਨੀ ਪਵੇਗੀ। ਇਹ ਵਿਸ਼ਵਾਸ ਈਸਾਈਆਂ ਦੇ ਲਹੂ ਵਿੱਚ ਨਵਾਂ ਰੰਗ ਲਿਆਇਆ ਅਤੇ ਉਸ ਵਿਚੋਂ ਹੋਰ ਨਵੇਂ ਬੂਟੇ ਜੰਮੇ, ਜੁਆਨ ਹੋਏ ਅਤੇ ਉਨ੍ਹਾਂ ਨੂੰ ਫਲ ਲਗਾ। ਕਹਿਣ ਤੋਂ ਭਾਵ ਹੈ ਕਿ ਈਸਾਈ ਵਿਸ਼ਵਾਰਥੀਆਂ ਵਿੱਚ ਵਾਧਾ ਹੋਰ ਵੀ ਜ਼ਿਆਦਾ ਹੋਇਆ।


ਸ਼ਹਾਦਤ ਦੇ ਇਸ ਅਮਲ ਨੇ ਕਰਮ-ਕਾਂਡ ਦੀ ਕਠੋਰਤਾ ਦੇ ਸਾਹਮਣੇ ਈਸਾਈਅਤ ਦੇ ਰਹਿਮ ਅਤੇ ਸੁਹਜ ਦੀ ਮੌਲਿਕ ਸੂਖਮਤਾ ਨੂੰ ਭਾਵੇਂ ਉਜਾਗਰ ਕੀਤਾ ਪਰ ਇਸ ਦੀਆਂ ਪਰਤਾਂ ਵਿੱਚ ਜਿਥੇ ਯਹੂਦੀ ਧਰਮ ਵਾਂਗ ਆਪਣੇ ਧਰਮ ਦੇ ਸੱਚ ਤਕ ਦੀ ਸੀਮਿਤ ਭਾਵਨਾ ਸਪਸ਼ਟ ਉਜਾਗਰ ਹੁੰਦੀ ਹੈ, ਉਥੇ ਇਸ ਦੀਆਂ ਪਰਤਾਂ ਦੀ ਨਿਹਾਰ ਹਰ ਈਸਾਈ ਦੇ ਕਿਰਦਾਰ ਵਿੱਚ ਨਜ਼ਰ ਨਹੀਂ ਆਉਂਦੀ, ਜਿਵੇਂ ਸਿੱਖ ਧਰਮ ਵਿੱਚ ਸ਼ਹਾਦਤ ਦੇ ਸੰਕਲਪ ਦੀਆਂ ਪਰਤਾਂ ਖ਼ਾਲਸੇ ਦੇ ਬਦੇਹ ਹੋ ਕੇ ਵਿਚਰਣ ਦੇ ਅਮਲ ਵਿੱਚ ਉਜਾਗਰ ਹੁੰਦੀਆਂ ਹਨ। ਪੈਗ਼ੰਬਰੀ ਆਦਰਸ਼ ਅਜੇ ਮੁਰੀਦ ਦਾ ਆਦਰਸ਼ ਨਹੀਂ ਬਣਿਆ ਜਿਵੇਂ ਪੰਜ ਪਿਆਰੇ ਗੁਰੂ ਦੇ ਆਦਰਸ਼ ਨੂੰ ਅਮਲ ਵਿੱਚ ਹੰਢਾ ਕੇ ਗੁਰੂ ਤੇ ਚੇਲੇ ਦੇ ਸਬੰਧਾਂ ਨੂੰ ਅਭੇਦ ਕਰ ਦਿੰਦੇ ਹਨ।



ਸੋ ਸਪਸ਼ਟ ਹੈ ਕਿ ਈਸਾਈ ਧਰਮ ਵਿੱਚ ਸ਼ਹਾਦਤ ਦਾ ਰੁਤਬਾ ਬਹੁਤ ਉੱਚਾ ਹੈ ਪਰ ਇਕ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਜਿਹੜੀ ਸਿੱਖ ਧਰਮ ਨਾਲੋਂ ਵੱਖ ਹੈ ਕਿ ਕਿ ਸਿੱਖ ਲਈ ਜਿਥੇ ਇਹ ਹੁਕਮ ਹੈ ਕਿ ਉਹ ਦੂਜਿਆਂ ਦੇ ਵਿਸ਼ਵਾਸ ਲਈ ਵੀ ਜ਼ਿੰਦਗੀ ਅਤੇ ਮੌਤ ਨੂੰ ਇਕੋ ਜਿਹਾ ਸਮਝੇ, ਉਥੇ ਈਸਾਈ ਵਿਸ਼ਵਾਰਥੀ ਲਈ ਕੇਵਲ ਆਪਣੇ ਸੱਚ ਲਈ ਹੀ ਜੂਝਣਾ ਰੂਪਮਾਨ ਹੁੰਦਾ ਹੈ।

ਇਸਲਾਮ ਧਰਮ


ਮੱਕੇ ਦੀ ਸਰ-ਜ਼ਮੀਨ 'ਤੇ ਪੈਗ਼ੰਬਰ ਮੁਹੰਮਦ ਸਾਹਿਬ ਨੂੰ ਪ੍ਰਾਪਤ ਰੱਬੀ ਬਾਣੀ ਦੇ ਪ੍ਰਕਾਸ਼ ਨਾਲ ਸ਼ੁਰੂ ਹੋਏ ਧਰਮ ਨੂੰ ਦੁਨੀਆ ਵਿੱਚ ਇਸਲਾਮ ਧਰਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਧਰਮ ਸਾਮੀ ਧਰਮਾਂ ਦੀ ਮਾਲਾ ਦਾ ਤੀਜਾ ਮੋਤੀ ਹੈ। ਦੁਨੀਆ ਦੇ ਪ੍ਰਸਿੱਧ ਧਰਮਾਂ ਵਿੱਚ ਇਸ ਦੀ ਸ਼ਮੂਲੀਅਤ ਹੈ।



ਇਸਲਾਮ ਧਰਮ ਦੇ ਬਾਨੀ ਪੈਗ਼ੰਬਰ ਮੁਹੰਮਦ ਸਾਹਿਬ ਦਾ ਜਨਮ 571 ਈ. ਨੂੰ ਮੱਕਾ ਦੇ ਅਸਥਾਨ 'ਤੇ ਅਬਦੁਲਾ ਦੇ ਘਰ ਹੋਇਆ। ਪਿਤਾ ਦੀ ਮੌਤ ਜਨਮ ਤੋਂ ਪਹਿਲਾਂ ਹੋ ਗਈ ਅਤੇ ਮਾਤਾ ਨੇ ਵੀ ਕੇਵਲ ਪੰਜ ਸਾਲ ਦੀ ਉਮਰ ਤਕ ਸਾਥ ਦਿੱਤਾ। ਮੁਹੰਮਦ ਸਾਹਿਬ ਦਾ ਬਚਪਨ ਮੰਦਹਾਲੀ ਵਿੱਚ ਗੁਜਰਿਆ। ਬਚਪਨ ਦੀਆਂ ਮੁਸ਼ਕਿਲਾਂ ਨੇ ਜਿਥੇ ਕੁਝ ਵੀ ਸਹਿਨ ਕਰਨ ਦੇ ਕਾਬਲ ਬਣਾ ਦਿੱਤਾ, ਉਥੇ ਤੀਖਣ ਬੁੱਧੀ ਦੀ ਦਾਤ ਵੀ ਪ੍ਰਾਪਤ ਹੋਈ। ਸਮੁੱਚਾ ਮੱਕਾ ਆਪ ਦੀ ਵਿਦਵਤਾ ਅਤੇ ਸਿਆਣਪ ਦਾ ਕਾਇਲ ਸੀ।

ਮੌਤ, ਮਨੁੱਖ ਅਤੇ ਰੱਬ ਦੇ ਰਹੱਸ ਨੂੰ ਬੁੱਝਣਾ ਉਨ੍ਹਾਂ ਦੀ ਸੋਚ ਦਾ ਹਮੇਸ਼ਾ ਹਿੱਸਾ ਬਣਿਆ ਰਹਿੰਦਾ। ਧਿਆਨ ਮਗਨ ਹੋਣ ਲਈ ਆਪ ਅਕਸਰ ਇਕਾਂਤ ਭਾਲਦੇ ਅਤੇ ਉਨ੍ਹਾਂ ਇਕਾਂਤ ਥਾਵਾਂ ਵਿੱਚ ਮੱਕੇ ਦੀ ਪਹਾੜੀਆਂ ਉਨ੍ਹਾਂ ਦੀ ਮੰਜ਼ਿਲ ਬਣਦੀਆਂ। ਇਸ ਮੰਜ਼ਿਲ ਦੀ ਸਭ ਤੋਂ ਮਨਪਸੰਦ ਥਾਂ 'ਹਿਰਾ' ਨਾਂ ਦੀ ਗੁਫ਼ਾ ਸੀ। ਇਹ ਗੁਫ਼ਾ ਹੀ ਅੰਤ ਮੰਜ਼ਲੇ ਮਕਸੂਦ ਬਣੀ। ਇਸ ਗੁਫ਼ਾ ਵਿੱਚ ਇਕ ਦਿਨ ਉਹ ਧਿਆਨ ਮਗਨ ਸਨ ਤਾਂ ਜਿਬਰਾਈਲ ਫ਼ਰਿਸ਼ਤਾ ਪ੍ਰਗਟ ਹੋਇਆ ਜਿਸ ਨੇ ਅੱਲਾਹ ਦਾ ਪਵਿੱਤਰ ਸੁਨੇਹਾ ਮੁਹੰਮਦ ਸਾਹਿਬ 'ਤੇ ਨਾਜਲ ਕੀਤਾ। ਇਹ ਮੁਬਾਰਕ ਸਮਾਂ 610 ਈ. ਵਿੱਚ ਰਮਜ਼ਾਨ ਦੇ ਮਹੀਨੇ ਸ਼ੁਰੂ ਹੋਇਆ ਅਤੇ ਇਹ ਕ੍ਰਮ ਲਗਾਤਾਰ 23 ਸਾਲ ਜਾਰੀ ਰਿਹਾ। ਇਹ ਸਮੁੱਚਾ ਇਲਹਾਮ ਪਵਿੱਤਰ ਕੁਰਆਨ ਦੇ ਰੂਪ ਵਿੱਚ ਅਜ ਮੁਸਲਮਾਨਾਂ ਦਾ ਪਵਿੱਤਰ ਧਰਮ ਗ੍ਰੰਥ ਹੈ।

ਕੁਰਆਨ ਵਿੱਚ ਅੱਲਾਹ ਦੀ ਮੁਹੱਬਤ ਅਤੇ ਉਸ ਪਾਕ ਅੱਲਾਹ ਦੀ ਉਚਤਤਾ ਦਾ ਗੁਣ-ਗਾਇਨ ਕਰਨ ਤੇ ਮਿਲਣ ਵਾਲੇ ਸ਼ਬਾਬ ਦਾ ਸਮੁੱਚਾ ਵਿਵਰਣ ਹੈ। ਇਸ ਦੇ ਨਾਲ ਹੀ ਮਨੁੱਖ ਦੇ ਰੱਬ ਅਤੇ ਧਰਮ ਸਬੰਧੀ ਫ਼ਰਜ਼ ਵੀ ਅੰਕਿਤ ਹਨ, ਜਿੰਨ੍ਹਾਂ ਦਾ ਪਾਲਣ ਕਰਨ ਦੀ ਆਸ ਹਰ ਮੁਸਲਮਾਨ ਤੋਂ ਕੀਤੀ ਜਾਂਦੀ ਹੈ। ਉਨ੍ਹਾਂ ਫ਼ਰਜ਼ਾਂ ਵਿੱਚ 'ਸ਼ਹਾਦਤ' ਇਕ ਹੈ।



ਇਸਲਾਮ ਧਰਮ ਵਿੱਚ ਸ਼ਹਾਦਤ ਦੇ ਸੰਕਲਪ ਨੂੰ ਬਹੁਤ ਉੱਚਤਤਾ ਪ੍ਰਾਪਤ ਹੈ। ਇਸ ਧਰਮ ਵਿੱਚ ਸ਼ਹਾਦਤ ਨੂੰ ਚੁੰਮਣ ਵਾਲਿਆਂ ਲਈ ਸ਼ਹੀਦ ਜਾਂ ਸ਼ੋਹਦ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਅਤੇ ਇਹਨਾਂ ਦੇ ਸ਼ਾਬਦਿਕ ਅਰਥ ਗਵਾਹੀ ਲਈ ਹਾਜ਼ਰ ਹੋਣਾ ਕੀਤੇ ਗਏ ਹਨ। ਸ਼ਹਾਦਤ ਸ਼ਬਦ ਨੂੰ ਗਵਾਹੀ ਵਜੋਂ ਵਰਤਣਾ ਇਕ ਪਵਿੱਤਰ ਇਕਰਾਰ ਵੀ ਤਸਲੀਮ ਕੀਤਾ ਜਾਂਦਾ ਹੈ। ਪਵਿੱਤਰ ਕੁਰਆਨ ਵਿੱਚ ਵਰਤੇ ਗਏ ਸ਼ਬਦ 'ਸ਼ਹੀਦ' ਅਤੇ 'ਸ਼ਹਾਦਤ' ਦਾ ਗੌਰਵ ਅੱਲਾਹ ਵਰਗਾ ਹੀ ਪਵਿੱਤਰ ਹੈ। ਪਵਿਤਰ ਕੁਰਆਨ ਵਿੱਚ ਸ਼ਹੀਦ ਸ਼ਬਦ ਤਕਰੀਬਨ 35 ਵਾਰ ਆਇਆ ਹੈ ਅਤੇ ਇਹ ਸ਼ਬਦ ਅੱਲਾਹ ਦੀ ਸਲਾਮਤ ਜ਼ਾਤ ਦੀ, ਉਸ ਦੇ ਹੱਕ ਸੱਚ ਤੇ ਪਾਕ ਕਲਾਮ ਦੀ ਗਵਾਹੀ ਵਜੋਂ ਆਇਆ ਹੈ। ਇਥੋਂ ਤਕ ਕਿ ਬਹੁਤ ਥਾਈਂ ਖ਼ੁਦਾ ਨੂੰ ਸ਼ਹੀਦ (ਗਵਾਹ) ਵਜੋਂ ਤਸੱਵਰ ਕਰਦਿਆਂ ਸੰਬੋਧਿਤ ਕੀਤਾ ਹੈ :

ਤੂੰ ਸਭਨਾਂ ਦਾ ਸ਼ਹੀਦ ਹੈ।

ਕੁਰਆਨ ਵਿੱਚ ਮੁੱਢਲੇ ਰੂਪ ਵਿੱਚ ਸ਼ਹਾਦਤ ਸ਼ਬਦ 'ਗਵਾਹੀ' ਵਜੋਂ ਹੀ ਆਇਆ ਹੈ ਅਤੇ ਜੇਕਰ ਹਦੀਸ ਸਾਹਿਤ ਦਾ ਅਧਿਐਨ ਕੀਤਾ ਜਾਵੇ ਤਾਂ ਸ਼ਹੀਦ ਉਸਨੂੰ ਪ੍ਰਵਾਨ ਕੀਤਾ ਗਿਆ ਹੈ ਜੋ ਇਸਲਾਮ ਧਰਮ ਦੇ ਪ੍ਰਚਾਰ ਅਤੇ ਪਸਾਰ ਲਈ ਕਾਫ਼ਿਰਾਂ ਵਿਰੁੱਧ ਲੜਦਾ ਹੋਇਆ ਮਾਰਿਆ ਜਾਂਦਾ ਹੈ। ਇਸ ਨੂੰ ਅੱਲਾਹ ਦਾ ਰਾਹ ਪ੍ਰਵਾਨ ਕੀਤਾ ਜਾਂਦਾ ਹੈ। ਅਜਿਹੇ ਵਿਅਕਤੀਆਂ ਲਈ ਬਹਿਸ਼ਤ ਦੇ ਦਰਵਾਜ਼ੇ ਖੁਲ੍ਹ ਜਾਂਦੇ ਹਨ ਅਤੇ 'ਮੁਨਕਰ' ਤੇ 'ਨਕੀਰ' ਫ਼ਰਿਸ਼ਤੇ ਉਸ ਦੇ ਕਰਮਾਂ ਦਾ ਹਿਸਾਬ ਨਹੀਂ ਕਰਦੇ। ਉਸਨੂੰ ਬਹਿਸ਼ਤ ਵਿੱਚ ਖ਼ੁਦਾ ਦੇ ਤਖ਼ਤ ਦੇ ਐਨ ਨੇੜੇ ਥਾਂ ਮਿਲਦੀ ਹੈ। ਪਵਿੱਤਰ ਕੁਰਆਨ ਦਾ ਹੁਕਮ ਹੈ :

ਜੋ ਲੋਕ ਅੱਲਾਹ ਦੇ ਰਾਹ ਵਿੱਚ ਮਾਰੇ ਜਾਂਦੇ ਹਨ
ਤੁਸੀਂ ਉਨ੍ਹਾਂ ਨੂੰ ਕਦੇ ਵੀ ਮੁਰਦੇ ਨਾ ਸਮਝੋ।
ਉਹ ਤਾਂ ਆਪਣੇ ਸਾਜਨਹਾਰ ਦੇ ਹਜ਼ੂਰ ਜਿਊਂਦੇ ਹਨ।
ਉਹਨਾਂ ਨੂੰ ਰੋਜ਼ੀ ਵੀ ਦਿੱਤੀ ਜਾਂਦੀ ਹੈ।
ਅੱਲਾਹ ਨੇ ਉਹਨਾਂ 'ਤੇ ਜੋ ਮਿਹਰ ਕੀਤੀ ਹੈ,
ਉਹ ਉਸ ਤੋਂ ਖੁਸ਼ ਹਨ।

ਇਸਲਾਮ ਵਿੱਚ ਉੱਤਮ ਦਰਜੇ ਦਾ ਸ਼ਹੀਦ ਉਹ ਹੈ ਜਿਸ ਨੇ ਮੁਹੰਮਦ ਸਾਹਿਬ ਨਾਲ ਲੜਾਈਆਂ


ਵਿੱਚ ਸ਼ਾਮਿਲ ਹੋ ਕੇ ਆਪਣੀ ਜਾਨ ਕੁਰਬਾਨ ਕੀਤੀ। ਦੀਨ ਫੈਲਾਉਣ ਲਈ ਸ਼ਹਾਦਤ ਪ੍ਰਾਪਤ ਕੀਤੇ ਇਨ੍ਹਾਂ ਮੁਸਲਮਾਨਾਂ ਨੇ ਅਮਰਤਾ ਪ੍ਰਾਪਤ ਕਰ ਲਈ ਹੈ। ਇਸ ਗੱਲ ਦਾ ਇਜ਼ਹਾਰ ਮੁਹੰਮਦ ਸਾਹਿਬ ਨੇ ਖ਼ੁਦ ਕੀਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ 'ਜਿਹਾਦ' ਵਿੱਚ ਸ਼ਾਮਿਲ ਹੋਣਾ ਮੁਸਲਮਾਨ ਆਪਣਾ ਉੱਤਮ ਕਰਮ ਤਸੱਵਰ ਕਰਨ ਲਗੇ। ਇਸ ਸਬੰਧੀ ਕੁਰਆਨ ਦਾ ਪਵਿੱਤਰ ਹੁਕਮ ਹੈ :

ਜੇ ਤੁਸੀਂ ਅੱਲਾਹ ਦੇ ਰਾਹ ਵਿੱਚ ਮਾਰੇ ਜਾਓ ਜਾਂ ਮਰ ਜਾਓ
ਤਾਂ ਅੱਲਾਹ ਵੱਲੋਂ ਤੁਹਾਡੇ ਵੱਲ ਆਉਣ ਵਾਲੀ
ਬਖ਼ਸ਼ਿਸ਼ ਤੇ ਮਿਹਰ ਬਹੁਤ ਚੰਗੀ ਹੋਵੇਗੀ।

ਅਰਥਾਤ ਜੇ ਤੁਸੀਂ ਮਰ ਜਾਓ ਜਾਂ ਮਾਰੇ ਜਾਓ, ਤਾਂ, ਤੁਹਾਨੂੰ ਅੱਲਾਹ ਦੇ ਹਜ਼ੂਰ ਪਰਤਾ ਕੇ ਇਕੱਤਰ ਕੀਤਾ ਜਾਏਗਾ।

ਇਸਲਾਮ ਵਿੱਚ ਸ਼ਹੀਦੀ ਨੂੰ ਰੱਬੀ ਦਾਤ ਮੰਨਿਆ ਜਾਂਦਾ ਹੈ ਅਤੇ ਇਹ ਰੱਬੀ ਹੁਕਮ ਤੋਂ ਬਿਨਾ ਪ੍ਰਾਪਤ ਨਹੀਂ ਹੁੰਦੀ। ਮੁਸਲਮਾਨਾਂ ਦਾ ਇਹ ਵਿਸ਼ਵਾਸ ਹੈ ਕਿ ਸ਼ਹੀਦ ਮਰਦੇ ਨਹੀਂ। ਉਹ ਆਮ ਮਨੁੱਖ ਵਾਂਗ ਚਲਦੇ-ਫਿਰਦੇ ਤੇ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਆਮ ਮਨੁੱਖਾਂ ਵਾਂਗ ਹੀ ਰਿਜ਼ਕ ਪ੍ਰਾਪਤ ਹੁੰਦਾ ਰਹਿੰਦਾ ਹੈ। ਇਥੋਂ ਤਕ ਕਿ ਉਹ ਆਪਣੇ ਕਿਸੇ ਵੀ ਮਿੱਤਰ ਜਾਂ ਸਨੇਹੀ ਨਾਲ ਗੱਲ ਵੀ ਕਰ ਸਕਦੇ ਹਨ। ਨਾਲ ਹੀ ਜੰਨਤ ਵਿੱਚ ਜ਼ਿੰਦਗੀ ਦੀਆਂ ਸਾਰੀਆਂ ਹਸੀਨ ਇੱਛਾਵਾਂ ਉਨ੍ਹਾਂ ਦੀ ਉਡੀਕ ਕਰਦੀਆਂ ਵੀ ਦਰਸਾਈਆਂ ਗਈਆਂ ਹਨ।

ਇਸਲਾਮ ਧਰਮ ਨੇ ਬੇਸ਼ਕ ਮਨੁੱਖਤਾ ਦੀ ਗੱਲ ਕੀਤੀ, ਪਿਆਰ ਤੇ ਸਨੇਹ ਦਾ ਸੰਦੇਸ਼ ਦਿੱਤਾ, ਪਰ ਇਸਲਾਮ ਧਰਮ ਦੇ ਧਾਰਨੀਆਂ ਨੇ ਕਾਫ਼ਰ ਤੇ ਮੋਮਿਨ ਦੀ ਇਕ ਅਜਿਹੀ ਵਿੱਥ ਉਸਾਰ ਦਿੱਤੀ, ਜਿਸਨੇ ਸਨੇਹ ਤੇ ਪਿਆਰ ਦੀ ਥਾਂ ਕੁਦਰਤ ਦੀ ਉੱਤਮ ਰਚਨਾ ਮਨੁੱਖਤਾ ਦਾ ਬੇ-ਪਨਾਹ ਲਹੂ ਡੋਲ੍ਹਿਆ ਅਤੇ ਇਸ ਦੇ ਸਪਸ਼ਟ ਦੀਦਾਰੇ ਹਿੰਦੁਸਤਾਨ ਵਿੱਚ ਪੰਜਾਬ ਦੀ ਧਰਤੀ 'ਤੇ ਸਿੱਖ ਇਤਿਹਾਸ ਵਿਚੋਂ ਰੂਪਮਾਨ ਹੁੰਦੇ ਹਨ।



ਹਿੰਦੂ ਧਰਮ

ਜਿਸ ਤਰ੍ਹਾਂ ਸ਼ਹਾਦਤ ਸ਼ਬਦ ਸਾਮੀ ਧਰਮਾਂ ਵਿੱਚ ਚਮਕਦਾ ਨਜ਼ਰ ਆਉਂਦਾ ਹੈ, ਉਸ ਤਰ੍ਹਾਂ ਦਾ ਕੋਈ ਸ਼ਬਦ ਭਾਰਤ ਦੀ ਪ੍ਰਵਾਨਿਤ ਭਾਸ਼ਾ ਸੰਸਕ੍ਰਿਤ ਵਿਚੋਂ ਬਿਲਕੁਲ ਗੁੰਮ ਹੈ ਅਤੇ ਇਹ ਹੋਰ ਵੀ ਹੈਰਾਨੀ ਵਾਲੀ ਗੱਲ ਹੈ ਕਿ ਭਾਰਤ ਦੀ ਧਰਤੀ 'ਤੇ ਕਿਸੇ ਮਨੁੱਖ ਲਈ ਸ਼ਹੀਦ ਸ਼ਬਦ ਦੀ ਵਰਤੋਂ ਮੁਸਲਮਾਨਾਂ ਦੀ ਆਮਦ ਤੋਂ ਪਹਿਲਾਂ ਬਿਲਕੁਲ ਨਹੀਂ ਕੀਤੀ ਗਈ ਸੀ। ਪਰ ਇਸ ਦੇ ਬਾਵਜੂਦ ਹਿੰਦੂ ਧਾਰਮਿਕ ਸਾਹਿਤ ਵਿੱਚ ਕੁਝ ਸ਼ਬਦ ਅਜਿਹੇ ਮਿਲਦੇ ਹਨ ਜਿੰਨ੍ਹਾਂ ਨੂੰ ਹਿੰਦੂ ਧਰਮ ਦੇ ਵਿਦਵਾਨਾਂ ਨੇ ਸ਼ਹੀਦ ਜਾਂ ਸ਼ਹਾਦਤ ਦੇ ਸਮਾਨਾਰਥਕ ਸਿੱਧ ਕਰਨ ਦਾ ਯਤਨ ਕੀਤਾ ਹੈ। ਹਿੰਦੂ ਧਰਮ ਵਿੱਚ ਸ਼ਹਾਦਤ ਨਾਲੋਂ ਬਲੀ ਦਾ ਸੰਕਲਪ ਬਹੁਤ ਉਘੜਵਾਂ ਹੈ ਅਤੇ ਇਸ ਬਲੀਦਾਨ ਦੀ ਪਰੰਪਰਾ ਦਾ ਇਕ ਆਪਣਾ ਲੰਮਾ ਇਤਿਹਾਸ ਵੀ ਹੈ। ਇਸ ਦੀ ਪੁਸ਼ਟੀ ਲਈ ਬਹੁਤ ਸਾਰੀਆਂ ਉਦਾਹਰਣਾਂ ਵੈਦਿਕ ਕਥਾਵਾਂ ਅਤੇ ਸਿਮਰਤੀ ਸਾਹਿਤ ਵਿਚੋਂ ਦਿੱਤੀਆਂ ਜਾ ਸਕਦੀਆਂ ਹਨ।

ਹਿੰਦੂ ਧਰਮ ਵਿੱਚ ਸ਼ਬਦ 'ਸੰਕਲਪ' ਅਤੇ 'ਦੇਹ-ਤਿਆਗ', ਇਸ ਸੰਦਰਭ ਵਿੱਚ ਧਿਆਨ ਦੀ ਮੰਗ ਕਰਦੇ ਹਨ। ਹਿੰਦੂ ਵਿਸ਼ਵਾਸੀਆਂ ਅਨੁਸਾਰ ਸੰਕਲਪ ਪੂਰਵਕ ਦੇਹ ਤਿਆਗ ਕਰਨਾ, ਬੇਸ਼ਕ ਉਹ ਮਨੁੱਖ, ਪਰਿੰਦੇ ਜਾਂ ਜਾਨਵਰ ਲਈ ਹੀ ਹੋਵੇ, ਉਸ ਨੂੰ ਕੁਰਬਾਨੀ ਮੰਨਿਆ ਗਿਆ ਹੈ। ਇਸੇ ਕੁਰਬਾਨੀ ਨੂੰ ਉਨ੍ਹਾਂ ਨੇ ਬਲੀਦਾਨ ਦੇ ਸ਼ਬਦ ਰਾਹੀਂ ਰੂਪਮਾਨ ਕੀਤਾ ਹੈ।



ਸ਼ਬਦ 'ਬਲੀਦਾਨ' ਰਾਜੇ ਬਲੀ ਦੇ ਵਾਮਨ ਅਵਤਾਰ ਨੂੰ ਦਿੱਤੇ ਦਾਨ ਤੋਂ ਪ੍ਰਚਲਤ ਹੋਇਆ ਸੀ, ਜੋ ਬਾਅਦ ਵਿੱਚ ਹਿੰਦੂ ਧਰਮ ਦਾ ਪ੍ਰਮੁੱਖ ਸੰਕਲਪ ਹੋ ਨਿਬੜਿਆ। ਹਿੰਦੂ ਧਰਮ ਦੇ ਅਵਤਾਰਾਂ ਵਿਚੋਂ ਵਾਮਨ ਪੰਜਵਾਂ ਅਵਤਾਰ ਹੈ। ਹਿੰਦੂ ਅਵਤਾਰਾਂ ਦੀ ਵੰਡ ਵੀ ਬਹੁਤ ਵਚਿੱਤਰ ਹੈ। ਇਨ੍ਹਾਂ ਵਿੱਚ ਪਹਿਲਾ ਮਛ ਅਵਤਾਰ ਪਾਣੀ ਵਾਲਾ ਜੀਵ ਹੈ, ਕੱਛ ਪਾਣੀ ਤੇ ਧਰਤੀ ਦਾ, ਵਰਾਹ ਜੰਗਲੀ ਜੀਵ, ਨਰਸਿੰਗ ਅੱਧਾ ਪਸ਼ੂ ਅੱਧਾ ਮਨੁੱਖ ਅਤੇ ਵਾਮਨ ਬੋਣਾ ਮਨੁੱਖ। ਰਾਜਾ ਬਲੀ ਮਹਾਨ ਸੂਰਬੀਰ, ਤਿਆਗੀ ਤੇ ਦਾਨਵੀਰ ਯੋਧਾ ਸੀ ਜਿਸ ਤੋਂ ਦੇਵਤੇ ਵੀ ਡਰਦੇ ਸਨ ਅਤੇ ਉਸ ਦਾ



ਖਾਤਮਾ ਚਾਹੁੰਦੇ ਸਨ ਤਾਂ ਕਿ ਉਹ ਉਨ੍ਹਾਂ ਲਈ ਸਮੱਸਿਆ ਦਾ ਕਾਰਣ ਨਾ ਬਣ ਜਾਏ। ਅੰਤ ਵਿਸ਼ਨੂੰ ਦੇ ਇਸ ਪੰਜਵੇਂ ਅਵਤਾਰ ਦੀ ਸ਼ਰਣ ਵਿੱਚ ਜਾ ਕੇ ਉਹ ਮਦਦ ਦੀ ਜਾਚਨਾ ਕਰਦੇ ਹਨ। ਵਾਮਨ ਸਹਾਇਤਾ ਲਈ ਤਿਆਰ ਹੋ ਜਾਂਦਾ ਹੈ ਅਤੇ ਬ੍ਰਾਹਮਣ ਦਾ ਰੂਪ ਧਾਰਨ ਕਰਕੇ ਰਾਜੇ ਬਲੀ ਦੇ ਸਨਮੁਖ ਜਾ ਕੇ ਤਿੰਨ ਪਗ ਧਰਤੀ ਦਾਨ ਵਿੱਚ ਮੰਗਦਾ ਹੈ। ਰਾਜਾ ਬਲੀ ਉਸ ਦੀ ਬੇਨਤੀ ਪ੍ਰਵਾਨ ਕਰ ਲੈਂਦਾ ਹੈ। ਉਹ ਪਹਿਲੇ ਪਗ ਵਿੱਚ ਸਾਰੀ ਧਰਤੀ, ਦੂਜੇ ਵਿੱਚ ਸਾਰਾ ਅਕਾਸ਼ ਪ੍ਰਾਪਤ ਕਰ ਲੈਂਦਾ ਹੈ ਅਤੇ ਤੀਜੇ ਪਗ ਲਈ ਰਾਜੇ ਬਲੀ ਵੱਲ ਵੇਖਦਾ ਹੈ ਤਾਂ ਉਹ ਖ਼ੁਦ ਆਪਣਾ ਸਰੀਰ ਸਾਹਮਣੇ ਰਖ ਦਿੰਦਾ ਹੈ ਜਿਸ 'ਤੇ ਵਾਮਨ ਅਵਤਾਰ ਤੀਜਾ ਪਗ ਰਖ ਕੇ ਉਸਨੂੰ ਆਪਣੇ ਅਧੀਨ ਕਰ ਲੈਂਦਾ ਹੈ। ਪਰ ਬਲੀ ਨੂੰ ਆਪਣੇ ਕੀਤੇ 'ਤੇ ਕੋਈ ਅਫ਼ਸੋਸ ਨਹੀਂ ਹੈ। ਬਲੀ ਦੇ ਕੀਤੇ ਉਤਮ ਦਾਨ ਤੋਂ ਬਲੀਦਾਨ (ਬਲੀ ਦਾ ਦਾਨ) ਸ਼ਬਦ ਪ੍ਰਚਲਤ ਹੋਇਆ। ਬੇਸ਼ਕ ਵਾਮਨ ਅਵਤਾਰ ਦਾ ਇਹ ਚਤੁਰਾਈ ਭਰਿਆ ਕਦਮ ਸੀ, ਪਰ ਹਿੰਦੂ ਧਰਮ ਵਿੱਚ ਇਸਨੂੰ ਬਹੁਤ ਸਲਾਹਿਆ ਜਾਂਦਾ ਹੈ ਕਿਉਂਕਿ ਇਸ ਨਾਲ ਹੀ ਰਾਖਸ਼ਸਾਂ ਕੋਲੋਂ ਦੇਵਤਿਆਂ ਦੀ ਬੰਦ ਖਲਾਸੀ ਹੁੰਦੀ ਦਰਸਾਈ ਗਈ ਹੈ।

ਬਲੀਦਾਨ ਦੀਆਂ ਕਥਾਵਾਂ ਦਾ ਜ਼ਿਆਦਾ ਸਬੰਧ ਦੇਵਤਿਆਂ ਨਾਲ ਜੁੜਿਆ ਹੋਇਆ ਦਰਸਾਇਆ ਗਿਆ ਹੈ। ਇਸੇ ਤਰ੍ਹਾਂ ਦੀ ਇਕ ਹੋਰ ਕਹਾਣੀ ਰਿਸ਼ੀ ਸ਼ਿਵੀ ਦੇ ਹਵਾਲੇ ਨਾਲ ਇਥੇ ਦਿੱਤੀ ਜਾ ਰਹੀ ਹੈ। ਰਿਸ਼ੀ ਸ਼ਿਵੀ ਜੋ ਆਪਣੇ ਨਿਆਂ ਅਤੇ ਦਾਨਵੀਰਤਾ ਵਜੋਂ ਪ੍ਰਸਿੱਧ ਸਨ, ਇਕ ਵਾਰ ਭਗਤੀ ਵਿੱਚ ਮਗਨ ਸਨ ਕਿ ਇੰਦਰ ਤੇ ਅਗਨੀ ਨੇ ਉਸ ਦੀ ਪ੍ਰੀਖਿਆ ਲੈਣੀ ਚਾਹੀ। ਅਗਨੀ ਕਬੂਤਰ ਬਣਿਆ ਅਤੇ ਇੰਦਰ ਬਾਜ਼। ਬਾਜ਼ ਜਦੋਂ ਕਬੂਤਰ 'ਤੇ ਝਪਟਿਆ ਤਾਂ ਕਬੂਤਰ ਡਰਦਾ ਰਾਜੇ ਸ਼ਿਵੀ ਦੀ ਗੋਦ ਵਿੱਚ ਆਣ ਡਿੱਗਾ। ਬਾਜ਼ ਨੇ ਰਿਸ਼ੀ ਨੂੰ ਕਿਹਾ ਕਿ ਕਬੂਤਰ ਮੇਰਾ ਭੋਜਨ ਹੈ, ਇਸ ਲਈ ਇਸਨੂੰ ਮੇਰੇ ਹਵਾਲੇ ਕਰ ਦਿੱਤਾ ਜਾਵੇ। ਰਿਸ਼ੀ ਨੇ ਕਿਹਾ ਕਿ ਇਹ ਹੁਣ ਮੇਰੀ ਸ਼ਰਨ ਵਿੱਚ ਹੈ ਤੇ ਇਸਦੀ ਰੱਖਿਆ ਕਰਨਾ ਮੇਰਾ ਫ਼ਰਜ਼ ਹੈ। ਅੰਤ ਫ਼ੈਸਲਾ ਇਹ ਹੋਇਆ ਕਿ ਰਿਸ਼ੀ ਉਸ ਕਬੂਤਰ ਦੇ ਮਾਸ ਬਰਾਬਰ ਆਪਣੇ ਸ਼ਰੀਰ ਦਾ ਮਾਸ ਦੇ ਦੇਵੇ। ਰਿਸ਼ੀ ਨੇ ਸ਼ਰਤ ਮੰਨ ਲਈ। ਰਿਸ਼ੀ ਆਪਣਾ ਮਾਸ ਕੱਟ-ਕੱਟ ਕੇ ਕਬੂਤਰ ਦੇ ਮਾਸ ਬਰਾਬਰ ਤਕੜੀ ਵਿੱਚ ਪਾਈ ਜਾਂਦਾ ਹੈ ਪਰ ਕਬੂਤਰ ਵਾਲਾ ਪਾਸਾ ਉਸੇ ਤਰ੍ਹਾਂ ਨੀਵਾਂ ਹੈ। ਲਹੂ-ਲੁਹਾਣ ਹੋਇਆ ਰਿਸ਼ੀ ਜਦੋਂ ਸਾਰਾ ਹੀ ਤਕੜੀ ਵਿੱਚ ਬੈਠ ਜਾਂਦਾ ਹੈ ਤਾਂ ਦੋਨੋਂ ਦੇਵਤੇ ਉਸ ਦੀ ਜੈ-ਜੈ ਕਾਰ ਕਰ ਉਠਦੇ ਹਨ।





ਸਪਸ਼ਟ ਹੈ ਕਿ ਇਸ ਤਰ੍ਹਾਂ ਦੇ ਸਵੈ-ਬਲੀਦਾਨ



ਦੀਆਂ ਕਈ ਬੇਹੱਦ ਉੱਤਮ ਉਦਾਹਰਣਾਂ ਵੈਦਿਕ ਸਾਹਿਤ ਵਿੱਚ ਉਪਲਬਧ ਹਨ। ਪਰ ਇਹ ਸਾਰਾ ਕੁਝ ਕਥਾ-ਕਹਾਣੀਆਂ ਤਕ ਹੀ ਸੀਮਿਤ ਕਿਉਂ ਰਿਹਾ, ਇਹ ਅਜੇ ਤਕ ਰਹੱਸ ਹੀ ਰਿਹਾ ਹੈ ਅਤੇ ਸ਼ਾਇਦ ਇਸੇ ਕਾਰਣ ਸਿੱਖ ਧਰਮ ਦੀ ਆਮਦ ਤੋਂ ਪਹਿਲਾਂ ਭਾਰਤ ਦੇ ਲੋਕ ਕੋਈ ਆਪਣਾ ਵਿਲੱਖਣ ਇਤਿਹਾਸ ਨਾ ਸਿਰਜ ਸਕੇ। ਸਗੋਂ ਕਈ ਹਜ਼ਾਰ ਸਾਲ ਗ਼ੁਲਾਮੀ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਰਹੇ। ਇਸ ਪਤਨ ਜਾਂ ਜਿੱਲਤ ਭਰੀ ਜ਼ਿੰਦਗੀ ਵਿਚੋਂ ਮਨੁੱਖਤਾ ਨੂੰ ਬਾਹਰ ਕੱਢਣ ਦਾ ਪਹਿਲਾ ਹੰਭਲਾ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੇ ਰੂਪ ਵਿੱਚ ਮਾਰਿਆ। ਮਨੁੱਖ ਅਤੇ ਰੱਬ ਵਿਚਾਲੇ ਵਿਚੋਲੇ ਰੂਪੀ ਪ੍ਰੋਹਿਤ ਸ਼੍ਰੇਣੀ ਨੂੰ ਨਕਾਰਦੇ ਹੋਏ, ਮਨੁੱਖ ਦੇ ਰੱਬ ਨਾਲ ਮਿਲਾਪ ਅਤੇ ਉਸ ਮਿਲਾਪ ਰਾਹੀਂ ਪਰਮਾਤਮਾ ਵਰਗੇ ਗੁਣ ਮਨੁੱਖ ਵਿੱਚ ਪੈਦਾ ਹੋਣ ਦੀਆਂ ਸੰਭਾਵਨਾਵਾਂ ਕਾਇਮ ਕਰ ਦਿੱਤੀਆਂ।

— ਬਾਕੀ ਧਰਮਾਂ ਦੇ ਪੈਰੋਕਾਰਾਂ ਨੇ ਆਪੋ ਆਪਣੇ ਧਾਰਮਿਕ
ਆਗੂਆਂ ਤਾਈਂ ਅਵਤਾਰ ਦਿੱਤੇ ਹਨ ਪਰ ਸਿੱਖ ਧਰਮ ਵਿਚ ਗੁਰੂ
ਤੇਗ ਬਹਾਦਰ ਸਾਹਿਬ ਜੀ ਨੇ ਰੂਤਿਆਂ ਤਾਈਂ ਹੀ ਨਕਾਰ ਦਿੱਤੀ ਸੀ,

—

ਸਿੱਖ ਧਰਮ



ਗੁਰੂ ਨਾਨਕ ਪਾਤਸ਼ਾਹ ਨੇ ਪੰਜਾਬ ਦੀ ਧਰਤੀ 'ਤੇ ਜਿਸ ਧਰਮੀ ਬੂਟੇ ਦਾ ਬੀਜ ਬੋਇਆ, ਉਸ ਬੂਟੇ ਦੇ ਪ੍ਰਕਾਸ਼ਮਾਨ ਸੂਰਜ ਨੂੰ ਸੰਸਾਰੀ ਧਰਮਾਂ ਦੇ ਇਤਿਹਾਸ ਵਿੱਚ ਸਿੱਖ ਧਰਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਧਰਮ ਦੇ ਪਵਿੱਤਰ ਸਿਧਾਂਤਾਂ 'ਤੇ ਸਿਰਜੀ ਕੌਮੀਅਤ ਨੂੰ ਖ਼ਾਲਸਾ ਪੰਥ ਦਾ ਨਾਂ ਦਿੱਤਾ ਗਿਆ। ਸਿੱਖ ਧਰਮ ਦਾ ਇਤਿਹਾਸਕ ਪ੍ਰਗਟਾਅ 1499 ਈ. ਨੂੰ ਗੁਰੂ ਨਾਨਕ ਪਾਤਸ਼ਾਹ ਦੇ ਵੇਈਂ ਨਦੀ ਪ੍ਰਵੇਸ਼ ਤੋਂ ਬਾਅਦ ਪਹਿਲੇ ਐਲਾਨਨਾਮੇ

ਨਾ ਕੋ ਹਿੰਦੂ, ਨਾ ਕੋ ਮੁਸਲਮਾਨ

ਤੋਂ ਮੰਨਿਆ ਗਿਆ ਹੈ। ਇਹ ਐਲਾਨਨਾਮਾ ਸਿੱਖ ਧਰਮ ਦੀ ਬੁਨਿਆਦ ਜਾਂ ਨੀਂਹ ਪ੍ਰਵਾਨ ਕੀਤਾ ਜਾਂਦਾ ਹੈ। ਇਹ ਐਲਾਨਨਾਮਾ ਜਿਥੇ ਸਮੂਹ ਮਨੁੱਖਤਾ ਦੇ ਧਰਮਾਂ ਦੀ ਏਕਤਾ ਦੀ ਗੱਲ ਕਰਦਾ ਨਜ਼ਰ ਆਉਂਦਾ ਹੈ, ਉਥੇ ਇਸ ਨੂੰ ਮਾਨਵ ਸਨਮਾਨ ਦੀ ਬਹਾਲੀ ਦੇ ਪ੍ਰਤੀਕ ਵਜੋਂ ਵੀ ਸਵੀਕਾਰ ਕੀਤਾ ਹੋਇਆ ਹੈ। ਸ਼ਹਾਦਤ ਕਿਉਂਕਿ ਸਵੈਮਾਨਤਾ ਦੀ ਬਹਾਲੀ ਲਈ ਦਿੱਤੀ ਜਾਂਦੀ ਹੈ ਤੇ ਸਿੱਖ ਧਰਮ ਦਾ ਨਿਸ਼ਾਨਾ ਹੀ ਮਨੁੱਖੀ ਸਵੈਮਾਨਤਾ ਦੀ ਬਹਾਲੀ ਹੈ। ਗੁਰੂ ਨਾਨਕ ਪਾਤਸ਼ਾਹ ਦਾ ਐਲਾਨਨਾਮਾ ਜਿਥੇ ਮਨੁੱਖੀ ਮਨਾਂ ਵਿੱਚ ਸ਼ਹੀਦੀ ਦਾ ਚਾਉ ਭਰਦਾ ਹੈ, ਉਥੇ ਮਨੁੱਖ ਲਈ ਵੰਗਾਰ ਵੀ ਹੈ। ਗੁਰੂ ਹੁਕਮ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥

(ਗੁ.ਗ੍ਰੰ.ਸਾ.ਪੰਨਾ 1412)

ਸਿੱਖ ਧਰਮ ਦੇ ਆਗਮਨ ਨਾਲ ਸ਼ਹੀਦ ਅਤੇ ਸ਼ਹਾਦਤ ਸ਼ਬਦ ਦੀ ਵਰਤੋਂ ਪਹਿਲੀ ਵਾਰ ਭਾਰਤੀ ਧਰਮਾਂ ਅਤੇ ਸਭਿਆਚਾਰਾਂ ਵਿੱਚ ਕੀਤੀ ਜਾਣ ਲਗੀ। ਸਿੱਖ ਧਰਮ ਨੇ ਸ਼ਹਾਦਤ ਨੂੰ ਸਿਧਾਂਤ ਤੇ ਅਮਲ ਵਿੱਚ ਪ੍ਰਗਟਾਅ ਕੇ, ਭਾਰਤੀ ਪ੍ਰੰਪਰਾ ਵਿੱਚ ਇਕ ਅਜਿਹਾ ਇਤਿਹਾਸ ਸਿਰਜ ਦਿੱਤਾ ਕਿ ਸਦੀਆਂ ਤੋਂ ਦਬੀ-ਕੁਚਲੀ ਲੋਕਾਈ ਦੇ ਮਨਾਂ ਵਿੱਚ ਪਹਿਲੀ ਵਾਰ ਮਨੁੱਖ ਹੋਣ ਦਾ ਅਹਿਸਾਸ ਜਾਗਿਆ।

ਸਿੱਖ ਧਰਮ ਵਿੱਚ ਸ਼ਹੀਦ ਸ਼ਬਦ ਦੇ ਅਰਥ 'ਗਵਾਹੀ' ਵਜੋਂ ਹੀ ਲਏ ਗਏ ਹਨ ਅਤੇ ਸ਼ਹਾਦਤ ਨੂੰ ਸਿੱਖੀ ਦਾ ਪ੍ਰਥਮ ਗੁਣ ਪ੍ਰਵਾਨ ਕੀਤਾ ਹੋਇਆ ਹੈ ਕਿਉਂਕਿ ਸ਼ਹੀਦੀ ਦੇ ਰਾਹ 'ਤੇ ਚਲਣਾ ਤਲਵਾਰ ਦੀ ਧਾਰ 'ਤੇ ਚਲਣ ਵਰਗਾ ਹੀ ਹੈ। ਪਰ ਸਿੱਖ ਧਰਮ ਵਿੱਚ ਸ਼ਹਾਦਤ ਦੇ ਸੰਕਲਪ ਅਤੇ ਪ੍ਰਗਟਾਅ ਦੇ ਰੂਪ, ਬਾਕੀ ਧਰਮਾਂ ਨਾਲੋਂ ਵਖਰੇਵੇਂ 'ਤੇ ਹਨ।

ਸਿੱਖ, ਧਰਮ-ਚਿੰਤਨ ਦੇ ਇਤਿਹਾਸ ਵਿੱਚ ਸਿਰਫ਼ ਆਪਣੇ ਧਰਮ ਲਈ ਹੀ ਸ਼ਹਾਦਤ ਨਹੀਂ ਦਿੰਦਾ ਸਗੋਂ ਅਸੂਲਾਂ ਅਤੇ ਆਦਰਸ਼ਾਂ ਲਈ ਉਹ ਦੂਜੇ ਧਰਮਾਂ ਦੇ ਲੋਕਾਂ ਲਈ ਵੀ ਮਰ-ਮਿਟਣ ਲਈ ਤੱਤਪਰ

ਰਹਿੰਦਾ ਹੋਇਆ ਮੌਤ ਅਤੇ ਜ਼ਿੰਦਗੀ ਨੂੰ ਇਕੋ ਜਿਹਾ ਸਮਝਦਾ ਹੈ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸ਼ਹਾਦਤਾਂ ਇਸ ਦੀ ਪ੍ਰਮੁੱਖ ਉਦਾਹਰਣਾਂ ਹਨ।

ਸ਼ਹੀਦ ਸ਼ਬਦ ਸਿੱਖ ਧਰਮ ਵਿੱਚ ਉਸ ਮਹਾਪੁਰਖ ਲਈ ਵਰਤਿਆ ਜਾਂਦਾ ਹੈ ਜੋ ਸਿਰ-ਧੜ ਦੀ ਬਾਜ਼ੀ ਲਾ ਕੇ ਸੱਚ ਨੂੰ ਦੋਹਾਂ ਜਹਾਨਾਂ ਵਿੱਚ ਪ੍ਰਗਟ ਕਰਨ ਦੀ ਸਮਰਥਾ ਰਖਦਾ ਹੈ। ਸਿੱਖ ਦੀ ਸ਼ਹਾਦਤ ਨਾ ਤੇ ਨਿੱਜ ਲਈ ਹੈ ਅਤੇ ਨਾ ਕੇਵਲ ਆਪਣੀ ਕੌਮ ਦੇ ਸਨਮਾਨ ਲਈ। ਉਹ ਤਾਂ ਸਮੂਹ ਮਨੁੱਖਤਾ ਦੇ ਸਨਮਾਨ ਅਤੇ ਹਰ ਤਰ੍ਹਾਂ ਦੀ ਬੇ-ਇਨਸਾਫ਼ੀ ਵਿਰੁੱਧ ਜੂਝਣ ਨੂੰ ਗੁਰੂ ਹੁਕਮ ਮੰਨਦਾ ਹੈ।

ਸ਼ਹੀਦ ਸ਼ਬਦ ਸਭ ਤੋਂ ਪਹਿਲਾਂ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਵਿੱਚ ਰੂਪਮਾਨ ਹੁੰਦਾ ਹੈ। ਇਥੇ ਗੁਰੂ ਸਾਹਿਬ ਨੇ ਸ਼ਹੀਦ ਨੂੰ ਮਹਾਨ ਰੁਤਬਾ ਦੇ ਕੇ ਪੀਰਾਂ, ਪੈਗ਼ੰਬਰਾਂ ਅਤੇ ਗੁਰੂਆਂ ਵਰਗਾ ਹੀ ਪ੍ਰਵਾਨ ਕੀਤਾ ਹੋਇਆ ਹੈ ਅਤੇ ਇਨ੍ਹਾਂ ਨੂੰ ਬਰਾਬਰੀ ਦਾ ਆਧਾਰ ਪ੍ਰਦਾਨ ਕਰਾਉਂਦੇ ਹੋਏ ਗੁਰੂ ਪਾਤਸ਼ਾਹ ਹੁਕਮ ਕਰਦੇ ਹਨ :

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ॥
ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ॥

(ਗੁ.ਗ੍ਰੰ.ਸਾ. ਪੰਨਾ 53)

ਗੁਰਮਤਿ ਸਿਧਾਂਤ ਹੈ ਕਿ ਮਨੁੱਖ ਜਿਥੇ ਆਪ ਬਿਨਾ ਭੈਅ ਦੇ ਨਿਰਭੈਤਾ ਨਾਲ ਜੀਵਨ ਬਤੀਤ ਕਰੇ, ਉਥੇ ਦੂਜਿਆਂ ਨੂੰ ਨਿਰਭੈ ਹੋ ਕੇ ਜਿਊਣ ਦੇਵੇ। ਸਿੱਖ ਧਰਮ ਦੇ ਇਸ ਪਵਿੱਤਰ ਸਿਧਾਂਤ ਦਾ ਸਿੱਖ ਮਨਾਂ 'ਤੇ ਅਸਰ ਹੋਣਾ ਕੁਦਰਤੀ ਸੀ। ਸੋ ਸਿੱਖ ਵਿੱਚ ਜੋ ਨਿਰਭੈਤਾ ਅਤੇ ਨਿਡਰਤਾ ਗੁਰੂ ਚਿੰਤਨ ਨੇ ਭਰੀ, ਉਸ ਦਾ ਸਪਸ਼ਟ ਪ੍ਰਗਟਾਵਾ ਸਿੱਖ ਇਤਿਹਾਸ ਵਿਚੋਂ ਹੋ ਜਾਂਦਾ ਹੈ। ਸਿੱਖ ਧਰਮ ਵਿੱਚ ਸ਼ਹਾਦਤ ਦਾ ਮਹਾਨ ਸਿਧਾਂਤ ਸਿੱਖ ਧਰਮ ਦੇ ਪ੍ਰਗਟ ਹੋਣ ਨਾਲ ਹੀ ਰੂਪਮਾਨ ਹੋ ਗਿਆ ਸੀ। ਗੁਰੂ ਨਾਨਕ ਸਾਹਿਬ ਨੇ ਜਿਥੇ ਪਿਆਰ ਤੇ ਸੱਚਾਈ ਦਾ ਕੌਮੀ ਇਲਹਾਮ ਮਨੁੱਖ ਵਾਸਤੇ ਦਿੱਤਾ, ਉਥੇ ਨਾਲ ਹੀ ਦੈਵੀ ਪ੍ਰਭੂਸੱਤਾ ਦੀ ਆੜ ਵਿੱਚ ਲੋਕਾਂ ਦਾ ਸ਼ੋਸ਼ਨ ਕਰ ਰਹੇ ਅਯੋਗ ਹੁਕਮਰਾਨਾਂ ਨੂੰ ਵੀ ਆਪਣੀ ਬਾਣੀ ਦੇ ਰਾਹੀਂ ਫਿਟਕਾਰਿਆ :



ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥
ਜਿਥੈ ਜੀਆਂ ਹੋਸੀ ਸਾਰ॥ ਨਕੀ ਵਢੀ ਲਾਇਤਬਾਰ॥

(ਗੁ.ਗ੍ਰੰ.ਸਾ. ਪੰਨਾ 1288)

ਗੁਰੂ ਨਾਨਕ ਸਾਹਿਬ ਦੇ ਮੂਲ-ਮੰਤਰ ਰਾਹੀਂ ਜਿਹੜੇ ਪਰਮਾਤਮਾ ਦੇ ਗੁਣ ਉਭਰ ਕੇ ਸਾਹਮਣੇ ਆਉਂਦੇ ਹਨ, ਉਨ੍ਹਾਂ ਹੀ ਗੁਣਾਂ ਦੀ ਝਲਕ ਹਰ ਮਨੁੱਖ ਵਿਚੋਂ ਉਹ ਵੇਖਣਾ ਚਾਹੁੰਦੇ ਹਨ ਕਿਉਂਕਿ ਸਿੱਖ ਧਰਮ ਵਿੱਚ ਅਧਿਆਤਮਿਕਤਾ ਅਤੇ ਸਮਾਜਕਿਤਾ ਇਕਸੁਰਤਾ ਵਿੱਚ ਚਲਦੀਆਂ ਹਨ। ਇਸ ਗੱਲ ਦਾ ਪ੍ਰਗਟਾਵਾ ਗੁਰੂ ਸਾਹਿਬਾਨ ਦੀਆਂ ਆਪਣੀ ਜ਼ਿੰਦਗੀਆਂ ਤੋਂ ਹੀ ਹੋ ਜਾਂਦਾ ਹੈ। ਪਹਿਲੇ ਪਾਤਸ਼ਾਹ ਹਜ਼ੂਰ ਮਨੁੱਖ ਨੂੰ ਪੂਰਨ ਤੌਰ 'ਤੇ ਚੇਤੰਨ ਕਰ ਦੇਣਾ ਚਾਹੁੰਦੇ ਹਨ ਕਿ ਜ਼ੁਲਮ ਅਤੇ ਜ਼ਬਰ ਨੂੰ ਖ਼ਤਮ ਕਰਨ ਦੀ ਤਾਕਤ ਹਰ ਮਨੁੱਖ ਵਿੱਚ ਹੈ।

ੴ
ਸਤਿਨਾਮੁਕਰਤਾਪੁਰਖੁਨਿਰਭਉ
ਨਿਰਵੈਰੁਅਕਾਲਮੂਰਤਿ
ਅਜੂਨੀਸੈਭੰਗੁਰਪ੍ਰਸਾਦਿ॥

ਦੁਨੀਆ ਦੇ ਇਤਿਹਾਸ ਵੱਲ ਜੇ ਨਿਗਾਹ ਮਾਰੀ ਜਾਏ ਤਾਂ ਸਪਸ਼ਟ ਹੈ ਕਿ ਜਿਸ ਵੀ ਮਨੁੱਖ ਨੇ ਹਿੰਮਤ ਕੀਤੀ, ਉਸ ਨੇ ਦਰਿਆਵਾਂ ਦੇ ਮਹਾਨ ਮੋੜ ਪੁੱਟੇ, ਪਹਾੜਾਂ ਨੂੰ ਚੀਰ ਕੇ ਰਖ ਦਿੱਤਾ। ਇਹ ਗੱਲ ਸਪਸ਼ਟ ਕਰਦੀ ਹੈ ਕਿ ਮਨੁੱਖੀ ਸ਼ਕਤੀ ਅਗੇ ਕੋਈ ਵੀ ਟਿੱਕ ਨਹੀਂ ਸਕਦਾ, ਪਰ ਇਸ ਲਈ ਲੋੜ ਹੈ ਹਿੰਮਤ ਦੀ, ਜਜ਼ਬੇ ਦੀ, ਸਿਧਾਂਤ ਅਤੇ ਅਮਲ ਵਿੱਚ ਇਕਸੁਰਤਾ ਦੀ। ਜਦੋਂ ਮਨੁੱਖ ਸਿਰ 'ਤੇ ਕਫ਼ਨ ਬੰਨ੍ਹ ਕੇ ਤੁਰ ਪੈਂਦਾ ਹੈ ਤਾਂ ਜਿੱਤਾਂ ਉਸਦੇ ਕਦਮ ਚੁੰਮਦੀਆਂ ਹਨ। ਪਰ ਧਿਆਨ ਇਹ ਰਹੇ ਕਿ ਉਸਦਾ ਰਾਹ ਅਤੇ ਨਿਸ਼ਾਨਾ ਦੋਵੇਂ ਸਹੀ ਹੋਣ ਕਿਉਂਕਿ ਪਰਮਾਤਮਾ ਨੇਕ ਰਸਤੇ ਦੇ ਪਾਂਧੀਆਂ ਦੀ ਧਿਰ ਹੁੰਦਾ ਹੈ ਅਤੇ ਜਿਸ ਦੀ ਧਿਰ ਪਰਮਾਤਮਾ ਹੈ, ਉਸਨੂੰ ਹਰਾਉਣ ਦੀ ਹਿੰਮਤ ਕਿਸ ਵਿੱਚ ਹੈ। ਇਸ ਲਈ ਹਰ ਮਨੁੱਖ ਦਾ ਇਹ ਕਰਤਵ ਬਣ ਜਾਂਦਾ ਹੈ ਕਿ ਉਹ ਜ਼ਬਰ ਵਿਰੁਧ ਆਵਾਜ਼ ਬੁਲੰਦ ਕਰੇ। ਹਰ ਵਕਤ ਨਾ-ਇਨਸਾਫ਼ੀ ਵਿਰੁੱਧ ਜੂਝਣ ਲਈ ਤਿਆਰ ਰਹੇ। ਕਿਉਂਕਿ ਮੌਤ ਨੇ ਇਕ ਦਿਨ ਆਉਣਾ ਹੀ ਹੈ, ਇਹ ਅਟੱਲ ਹੈ, ਨਾ ਟਾਲਿਆ ਜਾਣ ਵਾਲਾ ਸੱਚ ਹੈ। ਫਿਰ ਜਦ ਇਸ ਨੂੰ ਟਾਲਿਆ ਹੀ ਨਹੀਂ ਜਾ ਸਕਦਾ ਤਾਂ ਫਿਰ ਇਸ ਨਾਲ ਲੁਕਣ-ਮੀਚੀ ਦਾ ਕੀ ਫਾਇਦਾ। ਉਸ ਦੀ ਬੁਜ਼ਦਿਲ ਵਾਂਗ ਉਡੀਕ ਕਿਉਂ ਕੀਤੀ ਜਾਵੇ। ਉਸਦਾ ਬੇਖ਼ੌਫ਼ ਟਾਕਰਾ ਕਰਦੇ ਹੋਏ ਸੂਰਮਿਆਂ ਵਿੱਚ ਨਾਮ ਕਿਉਂ ਨਾ ਲਿਖਾਇਆ ਜਾਵੇ, ਹੱਕ ਸੱਚ ਲਈ ਜੂਝਣ ਵਾਲੇ ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਬਣਿਆ ਜਾਵੇ। ਇਸੇ ਸੰਕਲਪ ਨੂੰ ਗੁਰੂ ਪਾਤਸ਼ਾਹ ਇਸ ਤਰ੍ਹਾਂ ਰੂਪਮਾਨ ਕਰਦੇ ਹਨ :

ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ।।
ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।।
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ।।
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ।।

(ਗੁ.ਗ੍ਰੰ.ਸਾ.ਪੰਨਾ 579-80)

ਸਿੱਖ ਧਰਮ ਵਿੱਚ ਸ਼ਹੀਦੀ ਦਾ ਚਾਉ ਉਮੜਦਾ ਹੈ। ਸੱਚ ਤੇ ਮਨੁੱਖਤਾ ਦੇ ਭਲੇ ਲਈ ਜੂਝ ਮਰਨ ਦਾ ਸਿਧਾਂਤ ਗੁਰੂ ਨਾਨਕ ਸਾਹਿਬ ਦਾ ਆਪਣਾ ਹੰਢਾਇਆ ਹੋਇਆ ਸੱਚ ਹੈ। ਇਸ ਸੱਚ ਨੂੰ ਗੁਰੂ ਸਾਹਿਬ ਨੇ ਕੇਵਲ ਸਿਧਾਂਤਾਂ ਤਕ ਹੀ ਸੀਮਿਤ ਨਹੀਂ ਰਖਿਆ ਸਗੋਂ ਅਮਲੀ ਰੂਪ ਵਿੱਚ ਇਸ ਦਾ ਪ੍ਰਗਟਾਅ ਕੀਤਾ। ਸਿੱਖ ਧਰਮ ਦੇ ਪਹਿਲੇ ਗੁਰੂ ਸ਼ਹੀਦ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਹਨ ਅਤੇ ਉਹਨਾਂ ਦੀ ਸ਼ਹਾਦਤ ਤੋਂ ਬਾਅਦ ਸਿੱਖ ਧਰਮ ਵਿੱਚ ਸ਼ਹਾਦਤਾਂ ਦੀ ਲੜੀ ਹੀ ਸ਼ੁਰੂ ਹੋ ਗਈ। ਸਿੱਖ ਧਰਮ ਵਿੱਚ ਦੂਜੇ ਗੁਰੂ ਸ਼ਹੀਦ ਸ੍ਰੀ ਗੁਰੂ ਤੇਗ਼ ਬਹਾਦਰ ਜੀ ਹਨ ਜਿੰਨ੍ਹਾਂ ਨੇ ਲੋਕਾਂ ਦੇ ਹੱਕ ਵਿੱਚ ਮਹਾਨ ਸਿੱਖੀ ਸਿਧਾਂਤਾਂ 'ਤੇ ਨਾ ਕੇਵਲ ਪਹਿਰਾ ਦਿੱਤਾ ਸਗੋਂ ਆਪਣਾ ਆਪ ਵੀ ਕੁਰਬਾਨ ਕਰ ਦਿੱਤਾ। ਗੁਰੂ ਸਾਹਿਬ ਦੀ ਸ਼ਹਾਦਤ ਜ਼ੁਲਮ ਦੇ ਵਿਰੁੱਧ ਸੀ, ਨਾ ਕਿ ਕਿਸੇ ਧਰਮ ਅਤੇ ਮਨੁੱਖ ਦੇ ਵਿਰੁੱਧ। ਇਹ ਮਨੁਖਤਾ ਨੂੰ ਬੁਨਿਆਦੀ ਹੱਕਾਂ ਤੋਂ ਵਾਂਝਿਆਂ ਕਰਨ ਵਾਲੀਆਂ ਤਾਕਤਾਂ ਵਿਰੁੱਧ ਲਲਕਾਰ ਸੀ ਅਤੇ ਉਨ੍ਹਾਂ ਦੇ ਹੱਕ ਸੱਚ ਲਈ ਇਕ ਇਨਕਲਾਬੀ ਕਦਮ ਸੀ, ਉਦਾਸੀਨ ਬਿਰਤੀਆਂ ਤਿਆਗ ਕੇ ਸੱਚ ਲਈ ਜੂਝਣ ਦਾ ਦੈਵੀ ਨਾਦ ਸੀ।

ਗੁਰੂ ਨਾਨਕ ਸਾਹਿਬ ਦੁਆਰਾ ਦਿੱਤਾ ਗਿਆ ਸ਼ਹੀਦੀ ਦਾ ਮਹਾਨ ਸਿਧਾਂਤ ਹੌਲੀ-ਹੌਲੀ ਜਨ-ਸਾਧਾਰਣ ਦੀ ਚੇਤਨਾ ਦਾ ਅਟੁੱਟ ਹਿੱਸਾ ਬਣਨ ਲੱਗਾ। ਉਹ ਹੁਣ ਜ਼ੁਲਮ ਨੂੰ ਭਾਣਾ ਸਮਝ ਕੇ ਮੰਨਣ ਤੋਂ ਇਨਕਾਰੀ ਹੋ ਗਏ। ਗੁਰੂ ਚਿੰਤਨ ਨਾਲ ਪੈਦਾ ਹੋਈ ਚੇਤਨਾ ਨੇ ਉਨ੍ਹਾਂ ਅੰਦਰ ਜ਼ੁਲਮ ਵਿਰੁੱਧ ਡੱਟਣ ਅਤੇ ਅਤਿਆਚਾਰ ਵਿਰੁੱਧ ਜੂਝ ਮਰਨ ਦੀ ਹਿੰਮਤ ਪੈਦਾ ਕਰ ਦਿੱਤੀ। ਹੁਣ ਸਿੱਖਾਂ ਨੇ ਕੇਵਲ ਧਾਰਮਿਕ ਆਜ਼ਾਦੀ ਲਈ ਹੀ ਨਹੀਂ, ਸਗੋਂ ਹਰ ਤਰ੍ਹਾਂ ਦੇ ਰਾਜਨੀਤਿਕ ਜ਼ੁਲਮ, ਸਮਾਜਿਕ ਅਨਿਆਂ ਅਤੇ ਆਰਥਿਕ ਥੁੜਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ ਕਿਉਂਕਿ ਗੁਰੂ ਚਿੰਤਨ ਨੇ ਸੱਚ ਦੇ ਬੋਲ-ਬਾਲੇ ਵਾਸਤੇ ਕੁਰਬਾਨ ਹੋ ਜਾਣ ਦੀ ਤਾਕਤ ਅਤੇ ਚੇਤਨਾ ਉਹਨਾਂ ਦੇ ਅੰਦਰ ਪੂਰਨ ਤੌਰ 'ਤੇ ਭਰ ਦਿੱਤੀ ਸੀ। ਇਸ ਸਮਰੱਥਾ ਦੇ ਪ੍ਰਮੁੱਖ ਦੀਦਾਰੇ ਅੱਜ ਵੀ ਸਿੱਖ ਅਰਦਾਸ ਵਿਚੋਂ ਹੋ ਜਾਂਦੇ ਹਨ। ਸਿੱਖ ਅਰਦਾਸ ਇਹਨਾਂ ਸ਼ਹੀਦਾਂ ਨੂੰ ਇਸ ਤਰ੍ਹਾਂ ਯਾਦ ਕਰਦੀ ਹੈ :



ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ,
ਹਠੀਆਂ, ਜਪੀਆਂ, ਤਪੀਆਂ,
ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ,
ਦੇਗ਼ ਚਲਾਈ, ਤੇਗ਼ ਵਾਹੀ,
ਦੇਖ ਕੇ ਅਣਡਿੱਠ ਕੀਤਾ,

ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ,
ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !
ਜਿੰਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ,
ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ,
ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ,
ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ,
ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ,
ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ,
ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਸਿੱਖ ਅਰਦਾਸ ਨੇ ਕੁਰਬਾਨ ਹੋਣ ਦੀ ਸਮਰੱਥਾ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਕਾਇਮ ਕੀਤੀ ਕਿਉਂਕਿ ਸਿੱਖ ਧਰਮ ਅਨੁਸਾਰ ਸ਼ਹੀਦੀ ਦਾ ਆਧਾਰ ਮੌਤ ਨਹੀਂ, ਸਗੋਂ ਮੌਤ ਨਾਲ ਜੁੜਿਆ ਹੋਇਆ ਉਹ ਕਾਰਣ ਹੈ ਜਿਸਨੇ ਮੌਤ ਨੂੰ



ਸ਼ਹੀਦੀ ਵਰਗ ਵਿੱਚ ਸ਼ਾਮਿਲ ਕਰਾਉਣਾ ਹੈ। ਇਸੇ ਕਰਕੇ ਹਰ ਮੌਤ ਨੂੰ ਸ਼ਹੀਦੀ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ ਅਤੇ ਸ਼ਹੀਦੀ ਨੂੰ ਮੌਤ ਦੇ ਅਰਥਾਂ ਤਕ ਸੀਮਿਤ ਵੀ ਨਹੀਂ ਕੀਤਾ ਜਾ ਸਕਦਾ। ਸਿੱਖ ਸਿਧਾਂਤ ਅਨੁਸਾਰ ਸ਼ਹੀਦ ਉਹ ਹੁੰਦਾ ਹੈ ਜਿਸ ਦਾ ਨਿਸ਼ਾਨਾ ਬਹੁਤ ਵੱਡਾ ਤੇ ਮਹਾਨ ਹੁੰਦਾ ਹੈ ਅਤੇ ਉਹ ਮਨੁੱਖਤਾ ਦੇ ਭਲੇ ਲਈ ਜੂਝਣ ਲਈ ਤੱਤਪਰ ਰਹਿੰਦਾ ਹੈ।

ਸਿੱਖ ਚਿੰਤਨ ਇਸ ਵਿਸ਼ਵਾਸ ਦਾ ਪ੍ਰਗਟਾਵਾ ਕਰਦਾ ਹੈ ਕਿ ਸ਼ਹੀਦੀ ਦੇਣ ਲਈ ਵੀ ਯੋਗ ਹੋਣਾ ਲਾਜ਼ਮੀ ਹੈ ਕਿਉਂਕਿ ਸ਼ਹੀਦੀ ਅਡੋਲ ਦ੍ਰਿੜਤਾ ਦਾ ਪ੍ਰਗਟਾਵਾ ਹੈ। ਸਿੱਖ ਧਰਮ ਵਿੱਚ ਸ਼ਹੀਦ ਉਸ ਨੂੰ ਮੰਨਿਆ ਜਾਂਦਾ ਹੈ ਜਿਸ ਦੇ ਲਈ ਮੌਤ ਅਤੇ ਜ਼ਿੰਦਗੀ ਦੇ ਅਰਥਾਂ ਵਿੱਚ ਕੋਈ ਫ਼ਰਕ ਨਹੀਂ ਹੈ। ਸ਼ਹਾਦਤ ਨੂੰ ਜਿਊਂਦਿਆਂ ਵੀ ਹੰਢਾਇਆ ਜਾ ਸਕਦਾ ਹੈ ਕਿਉਂਕਿ ਕਿਸੇ ਵੱਡੇ ਸੱਚ ਦੀ ਸਲਾਮਤੀ ਲਈ ਕੋਈ ਵੀ ਕੀਮਤ ਦੇਣ ਦੀ ਤਿਆਰੀ ਵੀ ਸ਼ਹੀਦੀ ਦਾ ਮਾਰਗ ਹੀ ਤਸਲੀਮ ਕੀਤਾ ਜਾਂਦਾ ਹੈ। ਸਿੱਖ ਧਰਮ ਵਿੱਚ ਸ਼ਹਾਦਤ ਦੇ ਕੇ ਦੂਜਿਆਂ ਦੀ ਜ਼ਿੰਦਗੀ ਲਈ ਜਿਥੇ ਆਦਰਸ਼ ਬਣਨਾ ਹੈ, ਉਥੇ ਨਾਲ ਹੀ ਮਨੁੱਖੀ ਸਮਾਜ ਵਿੱਚ ਖੇੜਾ ਵੀ ਲਿਆਉਣਾ ਹੈ।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਅਨੁਸਾਰ ਉਹੀ ਮੌਤ ਮਹਾਨ ਹੈ ਜਿਹੜੀ ਜੰਗੇ-ਆਜ਼ਾਦੀ ਜਾਂ ਸਿਰ ਉੱਚਾ ਚੁਕ ਕੇ ਜਿਊਣ ਦੇ ਅਹਿਸਾਸ ਨੂੰ ਪਾਲਦਿਆਂ ਹੋਏ ਆਵੇ। 1699 ਈ. ਦੀ ਵਿਸਾਖੀ ਦੇ ਮਹਾਨ ਇਕੱਠ ਵਿੱਚ ਗੁਰੂ ਸਾਹਿਬ ਨੇ ਤਲਵਾਰ ਦੀ ਧਾਰ ਹੇਠ ਜ਼ਿੰਦਗੀ ਅਤੇ ਮੌਤ ਨੂੰ ਸਮਸੂਰ ਜਾਨਣ ਵਾਲੇ ਪੰਜ ਸੂਰਬੀਰਾਂ ਦੀ ਪਛਾਣ ਕਰ ਲਈ ਅਤੇ ਉਹਨਾਂ ਨੂੰ ਦੋ-ਧਾਰੀ ਖੰਡੇ ਦੀ ਧਾਰ ਨਾਲ ਤਿਆਰ ਕੀਤਾ ਅੰਮ੍ਰਿਤ ਛਕਾ ਕੇ ਉਹਨਾਂ ਦੇ ਨਾਂਵਾਂ ਨਾਲ 'ਸਿੰਘ' ਸ਼ਬਦ ਜੋੜ ਕੇ ਸ਼ੇਰਾਂ ਦੀ ਅਜਿਹੀ ਕੌਮ ਤਿਆਰ ਕਰ ਦਿੱਤੀ, ਜਿੰਨ੍ਹਾਂ ਨੇ ਆਉਣ ਵਾਲੇ ਸਮੇਂ ਵਿੱਚ ਅਤਿਆਚਾਰੀ ਬਾਦਸ਼ਾਹਤਾਂ ਨੂੰ ਪੈਰਾਂ ਵਿੱਚ ਰੋਲ ਕੇ ਰਖ ਦਿੱਤਾ। ਪਰ ਨਿਸ਼ਾਨਾ ਕੋਈ ਰਾਜ ਪ੍ਰਾਪਤੀ ਜਾਂ ਦੁਨਿਆਵੀ ਇੱਛਾ ਨਹੀਂ ਸੀ, ਸਗੋਂ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਨੂੰ ਅਮਲ ਵਿੱਚ ਲਿਆ ਕੇ ਇਕ ਅਜਿਹੇ ਸਮਾਜ ਦੀ ਸਿਰਜਨਾ ਕਰਨੀ ਸੀ - ਜਿਥੇ "**ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗ ਹਮ ਕਉ ਬਨਿ ਆਈ**" ਦੇ ਦੈਵੀ ਸਿਧਾਂਤ ਦਾ ਪ੍ਰਕਾਸ਼ ਹੋਣਾ ਸੀ। ਇਸੇ ਪ੍ਰਕਾਸ਼ ਨੇ ਹੀ ਮਨੁੱਖਤਾ ਨੂੰ ਅਖੰਡ ਦਾ ਪਾਠ ਪੜ੍ਹਾਉਂਦੇ ਹੋਏ ਸਰਬ ਹਿਤਕਾਰੀ ਹੋਣ ਦਾ ਬਲ ਬਖਸ਼ਣਾ ਹੈ ਅਤੇ "**ਵਖਤੈ ਉਪਰਿ ਲੜਿ ਮੁਏ**" ਦਾ ਸਿੱਖੀ ਪ੍ਰਸੰਗ ਸਥਾਪਿਤ ਕਰਨਾ ਸੀ :



ਔਰ ਨ ਮਾਂਗਤ ਹਉ ਤੁਮ ਤੇ ਕਛੁ, ਚਾਹਤ ਹੌਂ ਚਿਤ ਮੈਂ ਸੋਈ ਕੀਜੈ।।
ਸਸਤ੍ਰਨ ਸੋਂ ਅਤਿ ਹੀ ਰਣ ਭੀਤਰ, ਜੂਝ ਮਰੋਂ ਤਾਂ ਸਾਚ ਪਤੀਜੈ।।

ਉਪ੍ਰੋਕਤ ਸਾਰੀ ਵਾਰਤਾਲਾਪ ਇਸ ਗੱਲ ਦਾ ਸਪਸ਼ਟ ਪ੍ਰਗਟਾਵਾ ਕਰਦੀ ਹੈ ਕਿ ਸ਼ਹੀਦੀ ਦਾ ਸਿੱਖ ਪ੍ਰਸੰਗ ਆਪਣੀ ਕੌਮ ਦੇ ਨਾਲ-ਨਾਲ ਬਾਕੀਆਂ ਨੂੰ ਵੀ ਨਾਲ ਲੈ ਕੇ ਤੁਰਨਾ ਹੈ, ਉਨ੍ਹਾਂ ਦੀ ਰੱਖਿਆ ਲਈ ਸਰਗਰਮ ਰਹਿਣਾ ਹੈ ਅਤੇ ਇਸ ਲਈ ਸਿੱਖ ਧਰਮ ਨੇ ਭੈਅ ਰਹਿਤ ਸੂਰਮਿਆਂ ਦੀ ਇਕ ਅਜਿਹੀ ਫ਼ੌਜ ਜਿਸ ਨੂੰ ਖ਼ਾਲਸੇ ਦੇ ਨਾਂ ਨਾਲ ਜਾਣਿਆ ਜਾਦਾ ਹੈ, ਨੂੰ ਸਾਹਮਣੇ ਲੈ ਆਉਂਦਾ ਹੈ। ਇਹ

ਅਜਿਹੇ ਜਿਊੜੇ ਹਨ ਜਿਹੜੇ ਮੌਤ ਦੇ ਡਰ ਤੋਂ ਬਿਲਕੁਲ ਮੁਕਤ, ਪਰਮਾਤਮਾ ਨਾਲ ਇਕਸੁਰ ਹੋਈਆਂ ਰੂਹਾਂ ਹਨ। ਜਿਹੜਾ ਅਕਾਲ ਪੁਰਖ ਨਾਲ ਇਕ ਹੋ ਗਿਆ, ਲੇਖੇ ਲਗਣ ਲਈ ਉਹੀ ਸੋਚ ਸਕਦਾ ਹੈ। ਇਹੀ ਸ਼ਹੀਦੀ ਦਾ ਰਸਤਾ ਹੈ। ਇਸ ਰਸਤੇ 'ਤੇ ਚਲਣ ਲਈ ਇਹ ਪਵਿੱਤਰ ਫ਼ੁਰਮਾਨ ਹਮੇਸ਼ਾ-ਹਮੇਸ਼ਾ ਲਈ ਸਿੱਖ ਨੂੰ ਉਸਦੇ ਪਵਿੱਤਰ ਕਾਜ ਲਈ ਉਤਸ਼ਾਹਿਤ ਕਰਦਾ ਰਿਹਾ ਹੈ ਅਤੇ ਕਰਦਾ ਰਹੇਗਾ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।।
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।।

(ਗੁ.ਗ੍ਰੰ.ਸਾ.ਪੰਨਾ 1102)



ਸ਼ਹੀਦੀ ਪ੍ਰਗਟਾਅ

ਰਹਿਣ ਸ਼ਹੀਦ ਇਕੱਲੜੇ ਸੁੰਨੇ ਲੱਖ ਵਰ੍ਹੇ।
ਗੁਰੂ ਦੇ ਪੈਂਡੇ ਕੌਮ ਨਾ ਜਦ ਤਕ ਸਫਰ ਕਰੇ।

ਸਿੱਖ ਕਵੀ ਦੇ ਉਪ੍ਰੋਕਤ ਬੋਲ ਇਹ ਦ੍ਰਿੜ ਕਰਦੇ ਹਨ ਕਿ ਕਿਸੇ ਕੌਮ ਦੇ ਸ਼ਹੀਦਾਂ ਦੀ ਸ਼ਹਾਦਤ ਉਨਾ ਚਿਰ ਤਕ ਸਫ਼ਲ ਪ੍ਰਵਾਨ ਨਹੀਂ ਕੀਤੀ ਜਾ ਸਕਦੀ, ਜਿੰਨਾ ਚਿਰ ਤਕ ਕੌਮ ਦੇ ਮਨਾਂ ਵਿੱਚ ਸ਼ਹੀਦੀਆਂ ਦਾ ਚਾਉ ਨਾ ਉਮੜ ਪਵੇ। ਧਰਮਾਂ ਦੇ ਇਤਿਹਾਸ ਵੱਲ ਜੇਕਰ ਨਿਗਾਹ ਮਾਰੀ ਜਾਏ ਤਾਂ ਕਈ ਕੌਮਾਂ ਦੇ ਇਤਿਹਾਸ ਦੱਸਦੇ ਹਨ ਕਿ ਉਨ੍ਹਾਂ ਦੇ ਬਾਨੀਆਂ ਦੀਆਂ ਸ਼ਹਾਦਤਾਂ ਤੋਂ ਪਿਛੋਂ ਉਨ੍ਹਾਂ ਦੇ ਪੈਰੋਕਾਰ ਐਨੇ ਭੈ-ਭੀਤ ਹੋ ਗਏ ਸਨ ਕਿ ਉਹ ਉਨ੍ਹਾਂ ਰਸਤਿਆਂ ਨੂੰ ਹੀ ਤਿਲਾਂਜਲੀ ਦੇ ਗਏ, ਜਿੰਨ੍ਹਾਂ ਉਪਰ ਉਹਨਾਂ ਦੇ ਸ਼ਾਹਦ ਗੁਜ਼ਰੇ ਸਨ। ਪਰ ਸਿੱਖ ਧਰਮ ਵਿੱਚ ਗੁਰੂ ਸਾਹਿਬਾਨ ਦੇ ਰਾਹੇ ਅਮਲ 'ਤੇ ਚਲਦਿਆਂ ਸੱਚੇ-ਸੁੱਚੇ ਕਾਰਜ ਲਈ ਸ਼ਹਾਦਤ ਵੱਲ ਵੱਧਣਾ ਜ਼ਿੰਦਗੀ ਦਾ ਉਚੇਰਾ ਮਨੋਰਥ ਅਤੇ ਸ਼ੁਭ ਕਰਮ ਪ੍ਰਵਾਨ ਕੀਤਾ ਗਿਆ।

ਸਿੱਖ ਧਰਮ ਦਾ ਸਮੁੱਚਾ ਇਤਿਹਾਸ ਸ਼ਹਾਦਤਾਂ ਦੀ ਗਾਥਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗਾ। ਸ਼ਹਾਦਤ ਦੇ ਸ਼ਬਦ ਨੂੰ ਅਮਲ ਵਿੱਚ ਉਤਾਰਨ ਦਾ ਕੰਮ ਗੁਰੂ ਅਰਜਨ ਦੇਵ ਜੀ ਨੇ ਕੀਤਾ ਅਤੇ ਇਹਨਾਂ ਰਾਹਾਂ 'ਤੇ ਚਲਦੇ ਗੁਰੂ ਤੇਗ਼ ਬਹਾਦਰ ਜੀ ਨੇ ਅਦੁੱਤੀ ਇਤਿਹਾਸ ਸਿਰਜ ਦਿੱਤਾ ਜਿਸ 'ਤੇ ਚਲਦਿਆਂ ਅਨੇਕਾਂ ਸਿੱਖਾਂ ਨੇ ਆਪਣਾ ਲਹੂ ਡੋਲ ਕੇ ਇਕ ਅਜਿਹਾ ਮਹਲ ਉਸਾਰਿਆ, ਜਿਸ ਦਾ ਸ਼ਾਹਦ ਸਿੱਖ ਇਤਿਹਾਸ ਹੈ। ਇਸੇ ਇਤਿਹਾਸ ਨੂੰ ਰੂਪਮਾਨ ਕਰਨ ਲਈ ਇਥੇ ਸ਼ਹੀਦਾਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਿਆ ਹੈ। ਸ਼ਹੀਦਾਂ ਦੀ ਸ਼ਹਾਦਤ ਨੂੰ ਦੋ ਹਿੱਸਿਆ :

* ਗੁਰੂ ਸ਼ਹੀਦ - ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ
* ਪ੍ਰਮੁੱਖ ਸਿੱਖ ਸ਼ਹੀਦ

ਵਿੱਚ ਰਖ ਕੇ ਉਭਾਰਨ ਦਾ ਯਤਨ ਕੀਤਾ ਹੈ।




ਗੁਰੂ ਅਰਜਨ ਦੇਵ ਜੀ

ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੀ ਪੰਜਵੀ 'ਨਾਨਕ ਜੋਤ' ਹਨ। ਆਪ ਜੀ ਦਾ ਪ੍ਰਕਾਸ਼ 1563 ਈ. ਨੂੰ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁਖੋਂ ਬਿਆਸ ਦਰਿਆ ਦੇ ਐਨ ਕੰਢੇ 'ਤੇ ਵਸੇ ਮਹਾਨ ਨਗਰ ਗੋਇੰਦਵਾਲ ਸਾਹਿਬ ਦੇ ਸਥਾਨ 'ਤੇ ਹੋਇਆ। ਆਪ ਜੀ ਦਾ ਬਚਪਨ ਬਿਆਸ ਦਰਿਆ ਦੇ ਕੰਢੇ 'ਤੇ ਖੇਡਦਿਆਂ ਬਤੀਤ ਹੋਇਆ। ਬਾਬਾ ਬੁੱਢਾ ਜੀ ਤੋਂ ਆਪ ਨੇ ਸ਼ਸਤਰ ਅਤੇ ਸ਼ਾਸਤਰ ਵਿੱਦਿਆ ਗ੍ਰਹਿਣ ਕੀਤੀ। ਗੁਰੂ ਪਾਤਸ਼ਾਹ ਬਚਪਨ ਤੋਂ ਹੀ ਬਹੁਤ ਚੇਤੰਨ ਬੁੱਧੀ ਦੇ ਮਾਲਕ ਸਨ। ਬਾਣੀ ਰਚਣ ਦਾ ਹੁਨਰ ਆਪ ਜੀ ਨੂੰ ਵਿਰਸੇ ਤੋਂ ਹੀ ਪ੍ਰਾਪਤ ਹੋਇਆ ਸੀ। ਆਪ ਦੀ ਇਸ ਯੋਗਤਾ ਨੂੰ ਵੇਖਦੇ ਹੋਏ ਹੀ ਆਪ ਦੇ ਨਾਨਾ ਅਤੇ ਤੀਸਰੇ ਪਾਤਸ਼ਾਹ ਹਜ਼ੂਰ ਗੁਰੂ ਅਮਰਦਾਸ ਜੀ ਨੇ ਇਹ ਬਚਨ ਕੀਤੇ ਸਨ :

ਦੋਹਿਤਾ ਬਾਣੀ ਦਾ ਬੋਹਿਥਾ ਹੋਵੇਗਾ,
ਆਪ ਵੀ ਤਰੇਗਾ ਅਤੇ ਦੂਜਿਆਂ ਨੂੰ ਵੀ ਤਾਰੇਗਾ

ਗੁਰੂ ਪਾਤਸ਼ਾਹ ਦੇ ਇਹ ਸ਼ਬਦ ਨਿਸ਼ਚੇ ਹੀ ਅਰਜਨ ਦੇਵ ਜੀ ਦੀ ਬਣਨ ਵਾਲੀ ਗੁਰੂ ਪ੍ਰਤਿਭਾ ਦੀ ਪਛਾਣ ਚਿੰਨ੍ਹ ਵੱਲ ਇਸ਼ਾਰਾ ਹੀ ਪ੍ਰਵਾਨ ਕੀਤੇ ਜਾ ਸਕਦੇ ਹਨ ਕਿਉਂਕਿ ਬਚਪਨ ਤੋਂ ਹੀ ਜਿਥੇ ਆਪ ਨੂੰ ਅਧਿਆਤਮਿਕ ਪ੍ਰਬੀਨਤਾ ਹਾਸਲ ਸੀ, ਉਥੇ ਆਪ ਦੀ ਤੀਖਣ ਸੂਝ-ਬੂਝ ਸਾਰਿਆਂ ਨੂੰ ਹੈਰਾਨੀ ਵਿੱਚ ਵੀ ਪਾ ਦਿੰਦੀ ਸੀ। ਆਪ ਨੇ ਬਹੁਤ ਜਲਦੀ ਬਾਬਾ ਬੁੱਢਾ ਜੀ ਦੀ ਦੇਖ-ਰੇਖ ਅਤੇ ਭਾਈ ਗੁਰਦਾਸ ਜੀ ਦੇ ਸੰਗ-ਸਾਥ ਨਾਲ ਭਾਰਤ ਦੀਆਂ ਪ੍ਰਮੁੱਖ ਭਾਸ਼ਾਵਾਂ ਜਿਵੇਂ ਸੰਸਕ੍ਰਿਤ, ਸਿੰਧੀ ਤੇ ਫ਼ਾਰਸੀ ਨੂੰ ਪੂਰੀ ਤਰ੍ਹਾਂ ਸਿਖ ਲਿਆ ਸੀ। 1581 ਈ. ਵਿੱਚ ਗੁਰੂ ਅਰਜਨ ਸਾਹਿਬ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ਅਤੇ ਗੁਰੂ ਨਿਵਾਸ ਰਾਮਦਾਸਪੁਰ ਬਣ ਗਿਆ।

ਗੁਰੂ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ-ਪਸਾਰ ਵਿੱਚ ਜਿਥੇ ਕਈ ਮੀਲ-ਪੱਥਰ ਸਥਾਪਤ ਕੀਤੇ, ਉਥੇ 1606 ਈ. ਵਿੱਚ ਆਪ ਜੀ ਨੇ ਸ਼ਹਾਦਤ ਦੇ ਕੇ ਸਿੱਖ ਧਰਮ ਵਿੱਚ ਸ਼ਹਾਦਤ ਦੀ ਪਰੰਪਰਾ ਦਾ ਮੁੱਢ ਵੀ ਬੰਨਿਆ।




ਸ਼ਹਾਦਤ ਦੇ ਕਾਰਣ


ਅੰਦਰੂਨੀ ਕਾਰਣ

ਗੁਰੂ ਅਰਜਨ ਪਾਤਸ਼ਾਹ ਦੇ ਦੋ ਵੱਡੇ ਭਰਾ - ਪ੍ਰਿਥੀਚੰਦ ਅਤੇ ਮਹਾਦੇਵ ਸਨ, ਜਿੰਨ੍ਹਾਂ ਨੂੰ ਉਹ ਪੂਰਨ ਸਤਿਕਾਰ ਦਿੰਦੇ ਸਨ, ਪਰ ਉਹ ਦੋਵੇਂ ਹਮੇਸ਼ਾ ਇਨ੍ਹਾਂ ਪ੍ਰਤੀ ਨਫ਼ਰਤ ਦਾ ਪ੍ਰਗਟਾਅ ਕਰਦੇ ਰਹੇ। ਪ੍ਰਿਥੀਚੰਦ ਅੰਦਰੋਂ ਲੋਭ-ਲਾਲਚ ਵਿੱਚ ਗ੍ਰਸਿਆ ਹੋਇਆ ਸੀ। ਜਿਥੇ ਉਹ ਸੰਸਾਰੀ ਵਸਤਾਂ ਤੇ ਮਾਇਆ ਦੀ ਪਕੜ ਵਿੱਚ ਸੀ, ਉਥੇ ਚੌਥੇ ਗੁਰੂ ਪਾਤਸ਼ਾਹ ਦਾ ਵੱਡਾ ਪੁੱਤਰ ਹੋਣ ਦੀ ਹਉਮੈ ਵੀ ਪਾਲੀ ਬੈਠਾ ਸੀ। ਹਉਮੈ-ਹੰਕਾਰ ਤੇ ਲੋਭ-ਲਾਲਚ ਕਾਰਣ ਹੀ ਗੁਰੂ ਅਰਜਨ ਪਾਤਸ਼ਾਹ ਦੇ ਗੁਰਗੱਦੀ ਪ੍ਰਾਪਤ ਕਰਨ ਤੋਂ ਬਾਅਦ ਪ੍ਰਿਥੀਚੰਦ ਦਾ ਸਰਕਾਰੇ ਦਰਬਾਰੇ ਗੁਰੂ ਪੰਚਮ ਪਾਤਸ਼ਾਹ ਦੇ ਵਿਰੋਧ ਵਿੱਚ ਸ਼ਿਕਾਇਤ ਕਰਨ ਦੀ ਪੁਸ਼ਟੀ ਵੀ ਸਮਕਾਲੀ ਇਤਿਹਾਸਕ ਸ੍ਰੋਤ ਕਰਦੇ ਹਨ। ਪਰ ਪੰਚਮ ਪਾਤਸ਼ਾਹ ਸ਼ੁਰੂ ਤੋਂ ਹੀ ਗੁਰੂ ਜੋਤਿ ਦੀ ਰਹਿਮਤ ਤੇ ਰਜ਼ਾ ਵਿੱਚ ਰਹਿਣ ਵਾਲੇ ਸਨ, ਆਪ ਨੇ ਪ੍ਰਿਥੀਚੰਦ ਦੀ ਅਵੱਗਿਆ ਵੀ ਅਣਡਿੱਠੀ ਕਰ ਛੱਡੀ।

ਸਿੱਖ ਧਰਮ ਦਾ ਵਿਕਾਸ

1589 ਈ. ਨੂੰ ਗੁਰੂ ਸਾਹਿਬ ਨੇ ਗੁਰੂ ਪਿਤਾ ਰਾਮਦਾਸ ਜੀ ਵੱਲੋਂ ਤਿਆਰ ਕੀਤੇ ਅੰਮ੍ਰਿਤ-ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਦੀ ਸਥਾਪਨਾ ਕੀਤੀ ਅਤੇ ਪਵਿੱਤਰ ਹਰਿਮੰਦਰ ਦੀ ਨੀਂਹ ਸਾਈ ਮੀਆਂ ਮੀਰ ਕੋਲੋਂ ਰਖਵਾਈ। ਸਾਈਂ ਮੀਆਂ ਮੀਰ ਗੁਰੂ ਅਰਜਨ ਪਾਤਸ਼ਾਹ ਦੇ ਬਹੁਤ ਪ੍ਰਸ਼ੰਸਕ ਸਨ ਅਤੇ ਪ੍ਰਸਿੱਧ ਸੂਫ਼ੀ ਸਿਲਸਿਲੇ ਕਾਦਰੀ ਦੇ ਮੁਖੀ ਵੀ ਸਨ। ਗੁਰੂ ਸਾਹਿਬ ਦਾ ਇਹ ਕਦਮ ਜਿਥੇ ਧਰਮ ਦੇ ਨਾਮ 'ਤੇ ਧਾਰਮਿਕ ਅਸਥਾਨਾਂ ਦੁਆਲੇ ਲਗਾਈਆਂ ਧਾਰਮਿਕ ਕਟੜਤਾ ਦੀਆਂ ਵਲਗਣਾਂ ਨੂੰ ਤੋੜਨ ਵਾਲਾ ਸੀ, ਉਥੇ ਸਦੀਆਂ ਤੋਂ ਹਿੰਦੂ ਧਰਮ ਦੇ ਵਰਣ-ਆਸ਼ਰਮ ਦੁਆਰਾ ਕੀਤੀ ਜਾਂਦੀ ਮਨੁਖਤਾ ਦੀ ਲੁੱਟ ਲਈ ਵੰਗਾਰ ਵੀ ਸੀ। ਹਰਿਮੰਦਰ ਦੇ ਚਾਰੇ ਪਾਸੇ ਦਰਵਾਜ਼ੇ ਇਸ ਗੱਲ ਦੇ ਸੂਚਕ ਸਨ ਕਿ ਇਥੇ ਬਿਨਾ ਰੰਗ-ਜਾਤ ਭੇਦ ਤੋਂ ਸਭ ਨੂੰ ਗਲੇ ਲਗਾਇਆ ਜਾਵੇਗਾ। ਸਿੱਟੇ ਵਜੋਂ ਆਮ ਭਾਰਤੀ ਪੀੜਤ ਜਨਤਾ ਨੂੰ ਪਹਿਲੀ ਵਾਰ ਇਹ ਅਹਿਸਾਸ ਜਾਗਿਆ ਕਿ ਉਹ ਮਨੁੱਖ ਹੋਣ ਦੇ ਨਾਤੇ ਧਾਰਮਿਕ ਅਸਥਾਨ 'ਤੇ ਵੀ ਜਾ





ਸਕਦੇ ਹਨ ਅਤੇ ਪਰਮੇਸ਼ਵਰ ਨਾਮ ਜਪਣ ਦੇ ਅਧਿਕਾਰੀ ਵੀ ਹਨ ਕਿਉਂਕਿ ਭਾਰਤੀ ਧਰਮ ਪ੍ਰੰਪਰਾ ਨੇ ਹੇਠਲੇ ਵਰਣਾਂ ਦੇ ਲੋਕਾਂ ਨੂੰ ਇਸ ਅਧਿਕਾਰ ਤੋਂ ਸਖਣਾ ਹੀ ਨਹੀਂ ਸੀ ਰਖਿਆ, ਸਗੋਂ ਪਰਮਾਤਮਾ ਦਾ ਨਾਮ ਜਪਣ ਦੀ ਕੁਤਾਹੀ ਕਰਨ ਜਾਂ ਧਰਮ ਗ੍ਰੰਥਾਂ ਦੇ ਦਰਸ਼ਨ ਕਰਨ 'ਤੇ ਸਖ਼ਤ ਸਜ਼ਾਵਾਂ ਦਾ ਭਾਗੀ ਵੀ ਬਣਾ ਦਿੱਤਾ ਸੀ।

ਗੁਰੂ ਅਰਜਨ ਪਾਤਸ਼ਾਹ ਦਾ ਅਗਲਾ ਵਿਲੱਖਣ ਕੰਮ ਆਦਿ ਗ੍ਰੰਥ ਦੀ ਸੰਪਾਦਨਾ ਸੀ। ਕਿਸੇ ਵੀ ਧਰਮ ਜਾਂ ਕੌਮ ਦੀ ਪਹਿਲੀ ਨਿਸ਼ਾਨੀ ਉਸ ਦਾ ਆਪਣਾ ਪਵਿਤਰ ਧਰਮ ਗ੍ਰੰਥ ਹੁੰਦੀ ਹੈ। ਸਿੱਖ ਧਰਮ ਕੋਈ ਸੁਧਾਰਕ ਲਹਿਰ ਨਹੀਂ ਸੀ ਕਿ ਇਹ ਹਿੰਦੁਸਤਾਨੀ ਧਰਮਾਂ ਵਿੱਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਤਕ ਸੀਮਿਤ ਰਹਿੰਦੀ। ਗੁਰੂ ਨਾਨਕ ਪਾਤਸ਼ਾਹ ਇਕ ਅਜਿਹੇ ਧਰਮ ਦੀ ਸਥਾਪਨਾ ਕਰ ਰਹੇ ਸਨ ਜਿਹੜਾ ਹਿੰਦੁਸਤਾਨ ਦੀ ਸਮੁੱਚੀ ਲੋਕਾਈ ਨੂੰ ਕਲਾਵੇ ਵਿੱਚ ਲੈਂਦਿਆਂ ਹੋਇਆਂ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਿਰਜੇ ਅਤੇ ਹਿੰਦੂ ਮੁਸਲਿਮ - ਦੋਹਾਂ ਧਰਮਾਂ ਤੋਂ ਨਿਆਰਾ ਵੀ ਹੋਵੇ। ਨਾਲ ਹੀ ਇਸ ਗੱਲ ਦਾ ਅਹਿਸਾਸ ਵੀ ਕਰਾਏ ਕਿ ਰੱਬ ਦੀ ਪਾਰਖੂ ਨਜ਼ਰ ਵਿੱਚ ਹਿੰਦੂ ਜਾਂ ਮੁਸਲਮਾਨ ਹੋਣਾ ਕੋਈ ਅਹਿਮੀਅਤ ਨਹੀਂ ਰਖਦਾ। ਉਸ ਦੀ ਨਜ਼ਰ ਵਿੱਚ ਮਨੁੱਖ ਦਾ ਯੋਗ ਅਤੇ ਧਰਮੀ ਹੋਣਾ ਕਬੂਲ ਹੁੰਦਾ ਹੈ। ਇਸੇ ਕਰਕੇ ਪੰਚਮ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਯੋਗਦਾਨੀਆਂ ਦਾ ਨਾ ਧਰਮ ਵੇਖਿਆ ਤੇ ਨਾ ਹੀ ਜਾਤ-ਪਾਤ ਨੂੰ। ਪੈਮਾਨਾ ਇਕੋ ਹੀ ਸੀ - ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ।

ਅੰਮ੍ਰਿਤਸਰ ਦੀ ਸਿੱਖ ਧਾਰਮਿਕ ਕੇਂਦਰ ਵਜੋਂ ਸਥਾਪਨਾ ਨਾਲ ਸਿੱਖਾਂ ਨੂੰ ਖ਼ਾਸ ਕਰਕੇ ਅਤੇ ਪੰਜਾਬੀਆਂ ਨੂੰ ਆਮ ਕਰਕੇ ਸਾਂਝਾ ਕੇਂਦਰੀ ਸਥਾਨ ਪ੍ਰਾਪਤ ਹੋ ਗਿਆ। ਆਦਿ ਗ੍ਰੰਥ ਦੀ ਸੰਪਾਦਨਾ ਵੇਲੇ ਧਿਆਨ ਵਿੱਚ ਰਖੇ ਪੈਮਾਨੇ ਨੇ ਉਸ ਵੇਲੇ ਦੇ ਨਸਲ ਭੇਦ ਵਿੱਚ ਉਲਝੇ ਸਮਾਜ ਲਈ ਜਿਥੇ ਇਕ ਚੁਣੌਤੀ ਖੜੀ ਕਰ ਦਿੱਤੀ ਸੀ, ਉਥੇ ਸਰਬੱਤ ਦੇ ਭਲੇ ਦਾ ਅਨੋਖਾ ਅਤੇ ਨਿਵੇਕਲਾ ਅਧਿਆਤਮਕ ਮਾਡਲ ਵੀ ਸਾਹਮਣੇ ਲੈ ਆਂਦਾ ਸੀ। ਨਤੀਜੇ ਵਜੋਂ ਸਿੱਖ ਧਰਮ ਲੋਕ-ਮਾਨਸਿਕਤਾ ਵਿੱਚ ਇਸ ਤਰ੍ਹਾਂ ਉਤਰਿਆ ਕਿ ਹੌਲੀ-ਹੌਲੀ ਸਿੱਖ ਧਰਮ ਇਕ ਲੋਕ ਲਹਿਰ ਬਣ ਗਿਆ। ਲੋਕ ਲਹਿਰ ਹਮੇਸ਼ਾ ਹੀ ਸਮੇਂ ਦੀਆਂ ਹਕੂਮਤਾਂ ਦੀ ਨਜ਼ਰਾਂ ਵਿੱਚ ਰੜਕਣਾ ਸ਼ੁਰੂ ਹੋ ਜਾਂਦੀ ਹੈ ਅਤੇ ਲੋਕ ਲਹਿਰ ਦੇ ਨਾਇਕ ਬਾਗ਼ੀ ਰੂਪ ਵਜੋਂ ਮਾਨਤਾ ਪ੍ਰਾਪਤ ਕਰ ਲੈਂਦੇ ਹਨ। ਇਸੇ ਵਿਚੋਂ ਸ਼ਹਾਦਤ ਦੇ ਸੋਮੇ ਫੁੱਟਣੇ ਸੁਭਾਵਕ ਗੱਲ ਬਣ ਜਾਂਦੀ ਹੈ।

ਨਕਸ਼ਬੰਦੀ ਸਿਲਸਿਲਾ

ਹੁਣ ਸਿੱਖ ਧਰਮ ਦਾ ਪ੍ਰਭਾਵ ਇਥੋਂ ਤਕ ਵੱਧ ਗਿਆ ਸੀ ਕਿ ਪੰਜਾਬੀ ਮਾਨਸਿਕਤਾ ਨੇ ਗੁਰੂ ਅਰਜਨ ਦੇਵ ਜੀ ਨੂੰ 'ਸੱਚੇ ਪਾਤਸ਼ਾਹ' ਵਜੋਂ ਪ੍ਰਵਾਨ ਕਰ ਲਿਆ ਸੀ। ਇਹੀ ਸਮਾਂ ਸੀ ਜਦੋਂ ਗੁਰੂ ਸਾਹਿਬ ਦੀ ਅਗਵਾਈ ਵਿੱਚ ਸਿੱਖਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਵੱਧਣ ਲਗ ਪਈ। ਇਸ ਲੋਕ ਪਿਆਰ ਨੇ ਗੁਰੂ-ਘਰ ਪ੍ਰਤੀ ਈਰਖਾ ਅਤੇ ਸਾੜੇ ਦੀ ਭਾਵਨਾ ਵੀ ਭਰ ਦਿੱਤੀ। 1605 ਈ. ਨੂੰ ਹਿੰਦੁਸਤਾਨ ਦੇ ਬਾਦਸ਼ਾਹ ਅਕਬਰ ਦੀ ਵੀ ਮੌਤ ਹੋ ਗਈ ਅਤੇ ਉਸ ਦਾ ਬੇਟਾ ਸਲੀਮ, ਜਹਾਂਗੀਰ ਦਾ ਲਕਬ ਧਾਰਨ ਕਰਕੇ ਗੱਦੀ-ਨਸ਼ੀਨ ਹੋਇਆ। ਗੱਦੀ 'ਤੇ ਬੈਠਦਿਆਂ ਹੀ ਉਸਨੇ ਅਕਬਰ ਦੀ ਸਹਿਨਸ਼ੀਲਤਾ ਦੀ ਨੀਤੀ ਨੂੰ ਤਿਲਾਂਜਲੀ ਦੇ ਕੇ ਕਟੜਪੁਣੇ ਦੀ ਤਲਵਾਰ ਤੇਜ਼ ਕਰਨੀ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਉਹਨਾਂ ਸਾਰੇ ਲੋਕਾਂ ਦੇ ਚਿਹਰੇ 'ਤੇ ਮੁਸਕਾਨ ਆ ਗਈ ਸੀ ਜਿਹੜੇ ਸਿੱਖ ਧਰਮ ਦੀ ਵੱਧਦੀ ਲਹਿਰ ਦੇ ਵਿਰੋਧੀ ਸਨ ਅਤੇ ਇਹਨਾਂ ਵਿੱਚ ਸਭ ਤੋਂ ਵੱਡੀ ਭੂਮਿਕਾ ਨਕਸ਼ਬੰਦੀ ਸਿਲਸਿਲਾ ਨਿਭਾ ਰਿਹਾ ਸੀ।



ਨਕਸ਼ਬੰਦੀ ਸਿਲਸਿਲੇ ਦਾ ਮੁਖੀ ਸ਼ੇਖ ਅਹਿਮਦ ਸਰਹਿੰਦੀ ਸੀ, ਜਿਹੜਾ ਕਿ ਅਕਬਰ ਦੀ ਉਦਾਰ ਨੀਤੀ ਦਾ ਸਭ ਤੋਂ ਵੱਡਾ ਵਿਰੋਧੀ ਸੀ ਅਤੇ ਉਸਦਾ ਇਕੋ-ਇਕ ਨਿਸ਼ਾਨਾ ਸਮੁੱਚੇ ਪੰਜਾਬ ਨੂੰ ਇਸਲਾਮੀ ਧਰਤੀ ਬਨਾਉਣਾ ਸੀ। ਉਸਦਾ ਵਿਸ਼ਵਾਸ ਸੀ ਕਿ ਕਾਫ਼ਰਾਂ ਨੂੰ ਬੇਇਜ਼ਤ ਕਰਨਾ ਹੀ ਇਸਲਾਮ ਦੀ ਸ਼ਾਨ ਹੈ। ਉਸ ਅਨੁਸਾਰ ਜੋ ਕਾਫ਼ਰਾਂ ਦਾ ਸਨਮਾਨ ਕਰਦਾ ਹੈ, ਉਹ ਇਸਲਾਮ ਦਾ ਅਪਮਾਨ ਕਰ ਰਿਹਾ ਹੁੰਦਾ ਹੈ। ਸ਼ੇਖ ਅਹਿਮਦ ਸਰਹਿੰਦੀ ਲਿਖਦਾ ਹੈ :

ਕਾਫ਼ਰਾਂ ਨੂੰ ਆਪਣੇ ਸਮਾਜ ਵਿੱਚ ਸ਼ਾਮਿਲ ਕਰਨਾ,
ਆਪਣੇ ਨਾਲ ਬਿਠਾਉਣਾ ਤੇ ਇਨ੍ਹਾਂ ਨਾਲ ਗੱਲਬਾਤ ਕਰਨਾ ਵੀ
ਇਕ ਤਰ੍ਹਾਂ ਨਾਲ ਉਨ੍ਹਾਂ ਦੀ ਇੱਜ਼ਤ ਕਰਨ ਦੇ ਤੁੱਲ ਹੈ, ਜੋ ਨਹੀਂ ਹੋਣੀ ਚਾਹੀਦੀ।
ਸੱਚ ਤਾਂ ਇਹ ਹੈ ਕਿ ਇਹਨਾਂ ਕਾਫ਼ਰਾਂ ਨੂੰ
ਕੁੱਤਿਆਂ ਦੀ ਤਰ੍ਹਾਂ ਦੂਰੇ-ਦੂਰੇ ਕਰਦੇ ਰਹਿਣਾ ਚਾਹੀਦਾ ਹੈ।

ਇਸ ਤੋਂ ਸਪਸ਼ਟ ਹੈ ਕਿ ਸਿੱਖ ਧਰਮ ਦੀ ਹਰਮਨ ਪਿਆਰਤਾ ਉਸ ਲਈ ਕਿਵੇਂ ਅਸਹਿ ਹੋ ਰਹੀ ਸੀ। ਇਥੋਂ ਤਕ ਕਿ ਉਹ ਕਾਦਰੀ ਸਿਲਸਿਲੇ ਦੇ ਉਸ ਵੇਲੇ ਦੇ ਮੁਖੀ ਨੂੰ ਵੀ ਸਖ਼ਤ ਨਫ਼ਰਤ ਦੀ ਨਿਗਾਹ ਨਾਲ ਵੇਖਦਾ ਸੀ ਕਿਉਂਕਿ ਉਹ ਗੁਰੂ ਅਰਜਨ ਦੇਵ ਜੀ ਨੂੰ ਰੱਬੀ ਰੂਹ ਦੇ ਤੌਰ 'ਤੇ ਮਾਨਤਾ

ਵਿੰਦਾ ਸੀ। ਜਹਾਂਗੀਰ ਨਕਸ਼ਬੰਦੀ ਸਕੂਲ ਦੇ ਬੇਹੱਦ ਪ੍ਰਭਾਵ ਵਿੱਚ ਸੀ। ਇਸ ਕਰਕੇ ਸਪਸ਼ਟ ਸੀ ਕਿ ਨਕਸ਼ਬੰਦੀ ਸਿਲਸਿਲਾ ਹੁਣ ਸਿੱਖ ਧਰਮ ਲਈ ਸਮੱਸਿਆਵਾਂ ਖੜੀਆਂ ਕਰਨ ਦੀ ਕੋਸ਼ਿਸ਼ ਕਰਦਾ।

ਜਹਾਂਗੀਰ 'ਤੇ ਕਟੜਪੰਥੀਆਂ ਦਾ ਪ੍ਰਭਾਵ

ਬਾਦਸ਼ਾਹ ਜਹਾਂਗੀਰ 'ਤੇ ਕਟੜਪੰਥੀਆਂ ਦਾ ਪ੍ਰਭਾਵ ਹੋਣ ਕਰਕੇ ਉਹ ਗ਼ੈਰ-ਮੁਸਲਮਾਨਾਂ ਨੂੰ ਨਫ਼ਰਤ ਕਰਦਾ ਸੀ। ਇਸ ਲਈ ਉਸਨੇ ਆਪਣੀ ਧਾਰਮਿਕ ਨੀਤੀ ਅਜਿਹੀ ਬਣਾਈ ਜਿਹੜੀ ਗ਼ੈਰ-ਮੁਸਲਿਮ ਧਰਮੀਆਂ ਲਈ ਸਮੱਸਿਆ ਬਣਨੀ ਹੀ ਸੀ ਅਤੇ ਇਸ ਗੱਲ ਦਾ ਪ੍ਰਗਟਾਵਾ ਉਸਨੇ ਖ਼ੁਦ ਆਪਣੀ ਸਵੈ-ਜੀਵਨੀ 'ਤੁਜ਼ਕੇ-ਜਹਾਂਗੀਰੀ' ਵਿੱਚ ਕੀਤਾ ਹੋਇਆ ਹੈ। ਉਹ ਲਿਖਦਾ ਹੈ :


بقتل رسیدن ارجن نام گورو

ਗੋਇੰਦਵਾਲ ਜੋ ਬਿਆਸ ਦਰਿਆ ਦੇ ਕੰਢੇ 'ਤੇ ਹੈ,
ਪੀਰ ਦਾ ਭੇਸ ਧਾਰ ਕੇ ਅਰਜਨ ਮਲ ਨਾਂ ਦਾ ਇਕ ਹਿੰਦੂ ਰਹਿੰਦਾ ਹੈ।
ਉਸਨੇ ਆਪਣੇ ਤੌਰ-ਤਰੀਕਿਆਂ ਨਾਲ ਬਹੁਤ ਸਾਰੇ ਹਿੰਦੂਆਂ
ਅਤੇ ਇਸਲਾਮ ਦੇ ਜਾਹਲ ਤੇ ਮੂਰਖ ਲੋਕਾਂ ਉੱਤੇ ਡੋਰੇ ਪਾ ਰਖੇ ਹਨ।
ਉਸਨੇ ਮਹਾਨ ਅਧਿਆਤਮਕ ਅਤੇ ਸੰਸਾਰਿਕ ਨੇਤਾ
ਹੋਣ ਦਾ ਢੌਂਗ ਰਚਾ ਰਖਿਆ ਹੈ।
ਉਹ ਉਸਨੂੰ ਗੁਰੂ ਕਹਿੰਦੇ ਹਨ ਅਤੇ ਹਰ ਪਾਸੇ ਤੋਂ ਮੂਰਖ ਲੋਕ
ਉਸ ਦੀ ਪੂਜਾ ਕਰਨ ਲਈ ਆਉਂਦੇ ਹਨ
ਤੇ ਉਸ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ।
ਤਿੰਨ ਜਾਂ ਚਾਰ ਪੀੜੀਆਂ ਤੋਂ ਉਹਨਾਂ ਦੀ ਇਹ
ਝੂਠ ਦੀ ਦੁਕਾਨ ਸਰਗਰਮ ਹੈ।
ਬਹੁਤ ਚਿਰ ਤੋਂ ਮੇਰੇ ਮਨ ਵਿੱਚ ਇਹ ਵਿਚਾਰ ਆ ਰਿਹਾ ਹੈ ਕਿ
ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਵਾਂ
ਜਾਂ ਇਸਲਾਮ ਦੇ ਝੰਡੇ ਥੱਲੇ ਲੈ ਆਵਾਂ।

ਗੁਰੂ ਸਾਹਿਬ ਦੀ ਹਰਮਨ ਪਿਆਰਤਾ ਅਤੇ ਮੁਸਲਮਾਨਾਂ ਦਾ ਗੁਰੂ ਸਾਹਿਬ ਦੇ ਉਪਾਸ਼ਕ ਬਣਨਾ ਜਹਾਂਗੀਰ ਦੀਆਂ ਅੱਖਾਂ ਵਿੱਚ ਬਹੁਤ ਰੜਕਦਾ ਸੀ। ਜਹਾਂਗੀਰ ਇਨ੍ਹਾਂ ਗੱਲਾਂ ਕਰਕੇ ਅੱਗ-ਬਬੂਲਾ ਹੋਈ ਫਿਰਦਾ ਸੀ ਅਤੇ ਉਹ ਕਿਸੇ ਅਜਿਹੇ ਮੌਕੇ ਦੀ ਉਡੀਕ ਵਿੱਚ ਸੀ ਜਦੋਂ ਉਹ ਗੁਰੂ ਸਾਹਿਬ ਨੂੰ ਇਸਦੀ ਬਣਦੀ ਸਜ਼ਾ ਦੇ ਸਕੇ। ਇਹ ਮੌਕਾ ਵੀ ਜਲਦ ਆਣ ਪਹੁੰਚਿਆ। ਖੁਸਰੋ, ਜਹਾਂਗੀਰ ਦਾ ਸਭ ਤੋਂ ਵੱਡਾ ਬੇਟਾ ਸੀ ਅਤੇ ਆਪਣੇ ਦਾਦੇ ਅਕਬਰ ਵਾਂਗ ਬੇਹਦ ਸਹਿਨਸ਼ੀਲ ਮਨੁੱਖ ਸੀ। ਪਰ ਇਹ ਸਹਿਨਸ਼ੀਲਤਾ

ਉਸ ਲਈ ਸਮੱਸਿਆ ਬਣ ਗਈ। ਫਲਸਰੂਪ ਉਸਦੇ ਆਪਣੇ ਪਿਤਾ ਨੇ ਉਸਨੂੰ ਬਾਗ਼ੀ ਗਰਦਾਨ ਕੇ ਆਗਰੇ ਵਿੱਚ ਜੇਲ ਦੀਆਂ ਸਲਾਖਾਂ ਪਿੱਛੇ ਡਕ ਦਿੱਤਾ। ਇਕ ਦਿਨ ਉਹ ਬਹਾਨੇ ਨਾਲ ਜੇਲ ਵਿਚੋਂ ਨਿਕਲਿਆ ਅਤੇ ਆਪਣੇ ਪਿਤਾ ਵਿਰੁੱਧ ਬਗ਼ਾਵਤ ਦਾ ਐਲਾਨ ਕਰ ਦਿੱਤਾ। ਪਰ ਸਾਧਨਾਂ ਦੀ ਅਣਹੋਂਦ ਉਸ ਦੇ ਰਾਹ ਦਾ ਅੜਿੱਕਾ ਸੀ। ਉਸਨੇ ਮਨ ਬਣਾਇਆ ਕਿ ਅਫ਼ਗ਼ਾਨਿਸਤਾਨ ਪਹੁੰਚ ਕੇ ਸਾਧਨ ਇਕੱਠੇ ਕੀਤੇ ਜਾਣ ਅਤੇ ਜਹਾਂਗੀਰ ਨੂੰ ਗੱਦੀ ਤੋਂ ਲਾਹ ਕੇ ਅਕਬਰ ਵਰਗੇ ਉਦਾਰ ਸ਼ਾਸਨ ਦੀ ਬਹਾਲੀ ਕੀਤੀ ਜਾਵੇ। ਅਫ਼ਗ਼ਾਨਿਸਤਾਨ ਜਾਂਦਾ ਹੋਇਆ ਉਹ ਰਸਤੇ ਵਿੱਚ ਗੋਇੰਦਵਾਲ ਦੇ ਸਥਾਨ 'ਤੇ ਰੁਕਿਆ। ਗੁਰੂ ਸਾਹਿਬ ਕੋਲੋਂ ਆਸ਼ੀਰਵਾਦ ਲਿਆ, ਲੰਗਰ ਛੱਕਿਆ ਅਤੇ ਅੱਗੇ ਨੂੰ ਚਲ ਪਿਆ। ਪਰ ਜਲਦੀ ਹੀ ਜਹਾਂਗੀਰ ਦੀਆਂ ਫ਼ੌਜਾਂ ਨੇ ਉਸਨੂੰ ਘੇਰ ਲਿਆ, ਗ੍ਰਿਫ਼ਤਾਰ ਕੀਤਾ ਅਤੇ ਉਸਨੂੰ ਉਸਦੇ ਪਿਤਾ ਦੇ ਸਨਮੁਖ ਪੇਸ਼ ਕਰ ਦਿੱਤਾ। ਜਹਾਂਗੀਰ ਨੇ ਉਸਦੇ ਸਾਥੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਅਤੇ ਖੁਸਰੋ ਨੂੰ ਅੰਨਿਆ ਕਰਕੇ ਹਮੇਸ਼ਾ-ਹਮੇਸ਼ਾ ਲਈ ਆਗਰੇ ਦੇ ਕਿਲੇ ਵਿੱਚ ਸੁੱਟ ਦੇਣ ਦਾ ਹੁਕਮ ਕੀਤਾ।



ਜਹਾਂਗੀਰ ਨੂੰ ਜਦੋਂ ਇਸ ਗੱਲ ਦਾ ਪਤਾ ਲਗਾ ਕਿ ਖੁਸਰੋ ਗੋਇੰਦਵਾਲ ਰੁਕਿਆ ਸੀ ਤੇ ਗੁਰੂ ਸਾਹਿਬ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ ਸੀ, ਤਾਂ ਉਸ ਦੇ ਗੁੱਸੇ ਦੀ ਸੀਮਾ ਸਾਰੀਆਂ ਹੱਦਾਂ ਪਾਰ ਕਰ ਗਈ। ਉਸਨੇ ਤੁਰੰਤ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਇਸ ਗੱਲ ਦਾ ਪ੍ਰਗਟਾਵਾ ਉਹ ਖ਼ੁਦ ਆਪਣੀ ਸਵੈ-ਜੀਵਨੀ ਵਿੱਚ ਪ੍ਰਗਟ ਕਰਦਾ ਹੋਇਆ ਲਿਖਦਾ ਹੈ :

ਉਸ ਹਕੀਰ ਮਨੁੱਖ ਨੇ ਖੁਸਰੋ ਨੂੰ ਪਨਾਹ ਦਿੱਤੀ।
ਉਸਨੂੰ ਪੰਜ ਹਜ਼ਾਰ ਰੁਪਿਆ ਸਹਾਇਤਾ ਵਜੋਂ ਦਿੱਤਾ
ਅਤੇ ਉਸ ਦੇ ਮੱਥੇ 'ਤੇ ਕੇਸਰ ਦਾ ਟਿਕਾ ਲਗਾਇਆ,
ਜਿਸਨੂੰ ਹਿੰਦੋਸਤਾਨ ਦੀ ਧਰਤੀ 'ਤੇ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ।
ਮੈਂ ਮੁਰਤਜ਼ਾ ਖ਼ਾਨ ਨੂੰ ਹੁਕਮ ਦਿੱਤਾ ਕਿ ਉਸਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਂਦਾ ਜਾਵੇ।
ਉਸਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਜਾਵੇ
ਅਤੇ ਉਸਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਵੇ।

ਸ਼ਹਾਦਤ ਦੇ ਪ੍ਰਭਾਵ

* ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਨਾਲ ਸਿੱਖ ਧਰਮ ਵਿੱਚ ਸ਼ਹਾਦਤਾਂ ਦਾ ਦੌਰ ਸ਼ੁਰੂ ਹੋ ਗਿਆ ਅਤੇ ਸਿੱਖਾਂ ਵਿੱਚ ਇਕ ਨਵੀਂ ਚੇਤਨਾ ਪੈਦਾ ਹੋ ਗਈ। ਉਹ ਚੇਤਨਾ ਸਵਾਲ ਵੀ ਸੀ ਅਤੇ

ਜਵਾਬ ਵੀ ਸੀ ਕਿ ਸ਼ਹਾਦਤਾਂ ਦਾ ਅਗੇ ਤੋਂ ਰੂਪ ਕੀ ਹੋਵੇਗਾ।



* ਜ਼ੁਲਮ ਨੂੰ ਬੁਜ਼ਦਿਲਾਂ ਵਾਂਗ ਸਹਿਣ ਦੀ ਆਗਿਆ ਸਿੱਖ ਚਿੰਤਨ ਵਿੱਚ ਨਹੀਂ ਹੈ। ਇਸ ਗੱਲ ਦਾ ਪ੍ਰਗਟਾਅ ਖ਼ੁਦ ਪੰਚਮ ਪਾਤਸ਼ਾਹ ਨੇ ਆਪਣੀ ਸ਼ਹਾਦਤ ਦੇ ਕੇ ਕਰ ਦਿੱਤਾ। ਉਨ੍ਹਾਂ ਦੀ ਸ਼ਹਾਦਤ ਨੇ ਲੋਕ ਮਨਾਂ ਵਿੱਚ ਜੋ ਪ੍ਰਸ਼ਨ ਪੈਦਾ ਕਰ ਦਿੱਤੇ ਸਨ, ਉਨ੍ਹਾਂ ਦਾ ਉੱਤਰ ਹੀ ਸਿੱਖ ਧਰਮ 'ਚ ਅਗੇ ਤੋਂ ਹੋਈ ਹਥਿਆਰਬੰਦ ਜਦੋ-ਜਹਿਦ ਪ੍ਰਵਾਨ ਕੀਤਾ ਜਾ ਸਕਦਾ ਹੈ।

* ਜੀਵਨ ਦੇ ਅਖੀਰਲੇ ਵਕਤ ਆਪਣੇ ਜਾਨਸ਼ੀਨ ਨੂੰ ਗੁਰੂ ਪਾਤਸ਼ਾਹ ਨੇ ਜੋ ਸੁਨੇਹਾ ਭੇਜਿਆ, ਉਹ ਨਵਾਂ ਰੰਗ ਲਿਆਇਆ। ਉਹ ਸੁਨੇਹਾ ਸਿੱਖ ਮਾਨਸਿਕਤਾ ਨੇ ਇਸ ਤਰ੍ਹਾਂ ਸੰਭਾਲ ਕੇ ਰਖਿਆ ਹੈ :

ਮੈਂ ਆਪਣੇ ਨਿਸ਼ਾਨੇ ਦੀ ਪੂਰਤੀ ਹਿਤ ਕੁਰਬਾਨ ਹੋਣ ਜਾ ਰਿਹਾ ਹਾਂ।
ਮੇਰੀ ਮੌਤ 'ਤੇ ਅਫ਼ਸੋਸ ਨਹੀਂ ਕਰਨਾ, ਰੱਬੀ ਬਾਣੀ ਦਾ ਧਿਆਨ ਕਰਨਾ
ਅਤੇ ਆਪਣੇ ਤਖ਼ਤ 'ਤੇ ਹਥਿਆਰਬੰਦ ਹੋ ਕੇ ਬੈਠਣਾ
ਤੇ ਵੱਧ ਤੋਂ ਵੱਧ ਸਮਰਥਾ ਨਾਲ ਫ਼ੌਜ ਰਖਣਾ।



* ਗੁਰੂ ਸਾਹਿਬ ਦੇ ਹੁਕਮ ਨਾਲ ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ 'ਤੇ ਬਿਰਾਜਮਾਨ ਹੁੰਦੇ ਹਨ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਇਕ ਅਜਿਹੀ ਹਥਿਆਰਬੰਦ ਲੋਕ-ਲਹਿਰ ਤਿਆਰ ਹੋਈ ਜਿਸ ਨੇ ਆਉਣ ਵਾਲੇ ਸਮੇਂ ਵਿੱਚ ਨਵਾਂ ਇਤਿਹਾਸ ਸਿਰਜ ਕੇ ਰਖ ਦਿੱਤਾ।




* ਗੁਰੂ ਆਸ਼ੇ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰੰਪਰਾਗਤ ਚਿੰਨ੍ਹਾਂ ਨਾਲ ਗੁਰਿਆਈ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ। ਸੇਲੀ, ਟੋਪੀ, ਮਾਲਾ, ਮੰਜੀ ਨੂੰ ਤੋਸ਼ੇਖ਼ਾਨੇ ਵਿੱਚ ਰਖਣ ਦਾ ਹੁਕਮ ਦੇ ਕੇ ਐਲਾਨ ਕੀਤਾ ਕਿ ਉਹ ਸ਼ਾਹੀ ਠਾਠ ਨਾਲ ਦੋ ਤਲਵਾਰਾਂ ਧਾਰਨ ਕਰਨਗੇ, ਕਲਗੀ ਲਾਉਣਗੇ ਅਤੇ ਫ਼ੌਜ ਰਖਣਗੇ। ਬਾਬਾ ਬੁੱਢਾ ਜੀ ਦੇ ਹੱਥੀਂ ਗੁਰਿਆਈ ਧਾਰਨ ਕਰਦਿਆਂ ਦੋ ਤਲਵਾਰਾਂ ਧਾਰਨ ਕੀਤੀਆਂ ਜੋ ਸਿੱਖ ਇਤਿਹਾਸ ਵਿੱਚ ਮੀਰੀ-ਪੀਰੀ ਦੇ ਸੰਕਲਪ ਨਾਲ ਹਮੇਸ਼ਾ-ਹਮੇਸ਼ਾ ਲਈ ਰੂਪਮਾਨ ਹੋ ਗਈਆਂ।


* ਗੁਰੂ ਅਰਜਨ ਪਾਤਸ਼ਾਹ ਦਾ ਹੁਕਮ ਤਖ਼ਤ 'ਤੇ ਬੈਠਣ ਦਾ ਸੀ। ਇਸ ਲਈ ਗੁਰਿਆਈ ਤੋਂ ਅਗਲੇ ਦਿਨ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਤਖ਼ਤ ਦੀ ਉਸਾਰੀ ਸ਼ੁਰੂ ਕਰ ਦਿੱਤੀ। ਗੁਰੂ ਮਹਾਰਾਜ ਨੇ ਇਸ ਤਖ਼ਤ ਦੀ ਉਸਾਰੀ

ਪਰਮ ਦੀ ਗੱਲ ਮੀਰੀ ਤੇ ਰਾਜਨੀਤੀ ਦੀ ਗੱਲ ਤਖ਼ਤ ਤੇ ਬੈਠਣੀ.

12 ਫੁਟ ਰਖੀ। ਕਿਉਂਕਿ ਜਿਸ ਤਖ਼ਤ 'ਤੇ ਮੁਗ਼ਲ ਬਾਦਸ਼ਾਹ ਬੈਠਦਾ ਸੀ, ਉਸਦੀ ਉਚਾਈ ਵੀ 12 ਫੁਟ ਸੀ ਅਤੇ ਇਸ ਦੇ ਬਰਾਬਰ ਦਾ ਤਖ਼ਤ ਉਸਾਰਨ ਦੀ ਸਜ਼ਾ ਮੁਗ਼ਲੀਆ ਹਕੂਮਤ ਨੇ ਮੌਤ ਨਿਸ਼ਚਿਤ ਕੀਤੀ ਸੀ। ਪਰ ਗੁਰੂ ਸਾਹਿਬ ਨੇ 12 ਫੁਟ ਉੱਚਾ ਤਖ਼ਤ ਉਸਾਰ ਕੇ ਮੁਗ਼ਲ ਹਕੂਮਤ ਲਈ ਚੁਣੌਤੀ ਖੜੀ ਕਰ ਦਿੱਤੀ ਸੀ।



* ਤਖ਼ਤ ਤੋਂ ਪਹਿਲੇ ਹੁਕਮਨਾਮੇ ਵਿੱਚ ਗੁਰੂ ਘਰ ਲਈ ਘੋੜੇ, ਹਥਿਆਰ ਅਤੇ ਨੌਜੁਆਨਾਂ ਦੀ ਮੰਗ ਕੀਤੀ ਅਤੇ ਦੂਸਰੇ ਹੁਕਮਨਾਮੇ ਵਿੱਚ ਅਕਾਲ ਤਖ਼ਤ 'ਤੇ ਇਕੱਤਰ ਹੋਣ ਦਾ ਹੁਕਮ ਸੀ, ਜਿਸ ਵਿੱਚ ਅਨੰਦਪੁਰ ਸਾਹਿਬ ਦੀ ਧਰਤੀ ਵਿੱਚ ਵਾਪਰੇ ਕੌਤਕ ਵਰਗਾ ਵਰਤਾਰਾ ਕਰਦਿਆਂ ਪੰਜ ਸਿੱਖ - ਭਾਈ ਪਰਾਗਾ, ਜੇਠਾ, ਲੰਗਾਹ, ਮੋਖਾ ਅਤੇ ਬਿਧੀ ਚੰਦ ਜੀ ਨੂੰ ਚੁਣਦਿਆਂ ਉਨ੍ਹਾਂ ਹਰੇਕ ਦੇ ਅਧੀਨ 100 ਸਿੱਖਾਂ ਦਾ ਜੱਥਾ ਸਥਾਪਤ ਕਰ ਦਿੱਤਾ ਅਤੇ ਸ਼ਹੀਦੀ ਦਾ ਨਵਾਂ ਰੂਪ ਕਿਸ ਤਰ੍ਹਾਂ ਦਾ ਹੋਵੇਗਾ, ਇਹ ਇਤਿਹਾਸ ਦੇ ਵਰਕੇ 'ਤੇ ਲਿਖ ਦਿੱਤਾ।



* ਮੁਗ਼ਲੀਆ ਹਕੂਮਤ ਦਾ ਇਸ ਨੂੰ ਇਕ ਵੰਗਾਰ ਤਸਲੀਮ ਕਰਨਾ ਕੁਦਰਤੀ ਸੀ। ਸਿੱਟੇ ਵਜੋਂ ਗੁਰੂ ਮਹਾਰਾਜ ਅਤੇ ਮੁਗ਼ਲੀਆ ਫ਼ੌਜਾਂ ਵਿੱਚ ਚਾਰ ਵੱਡੇ ਯੁੱਧ ਹੋਏ। ਇਨ੍ਹਾਂ ਚਾਰੇ ਯੁੱਧਾਂ ਵਿੱਚ ਸਿੱਖਾਂ ਦੀ ਜਿੱਤ ਨਾਲ ਪੂਰੇ ਹਿੰਦੁਸਤਾਨ ਵਿੱਚ ਉਨ੍ਹਾਂ ਦੀ ਜੈ-ਜੈ ਕਾਰ ਹੋ ਗਈ ਕਿਉਂਕਿ ਹਜ਼ਾਰਾਂ ਸਾਲਾਂ ਦੀ ਗ਼ੁਲਾਮੀ ਤੋਂ ਬਾਅਦ ਪਹਿਲੀ ਵਾਰ ਭਾਰਤੀ ਖਲਕਤ ਦੇ ਅੰਦਰ ਨਵਾਂ ਅਹਿਸਾਸ ਜਾਗਿਆ ਕਿ ਉਹ ਕੇਵਲ ਲੜ ਹੀ ਨਹੀਂ ਸਕਦੇ, ਸਗੋਂ ਸ਼ਕਤੀਸ਼ਾਲੀ ਹਕੂਮਤਾਂ ਨੂੰ ਤਹਿਸ-ਨਹਿਸ ਵੀ ਕਰ ਸਕਦੇ ਹਨ।



ਗੁਰੂ ਤੇਗ਼ ਬਹਾਦਰ ਜੀ

ਗੁਰੂ ਤੇਗ਼ ਬਹਾਦਰ ਸਾਹਿਬ, ਗੁਰੂ ਨਾਨਕ ਘਰ ਦੀ ਨੌਵੀਂ ਜੋਤ ਹਨ। ਆਪ ਜੀ ਦਾ ਪ੍ਰਕਾਸ਼ ਛੇਵੇਂ ਪਾਤਸ਼ਾਹ ਹਜ਼ੂਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁਖੋਂ 1621 ਈ. ਨੂੰ 'ਗੁਰੂ ਕੇ ਮਹਿਲ' ਅੰਮ੍ਰਿਤਸਰ ਵਿਖੇ ਹੋਇਆ। ਆਪ ਗੁਰੂ ਹਰਿਗੋਬੰਦ ਸਾਹਿਬ ਦੇ ਸਭ ਤੋਂ ਛੋਟੇ



ਸਾਹਿਬਜ਼ਾਦੇ ਸਨ। ਆਪ ਜੀ ਦੀ ਪਰਵਰਿਸ਼ ਮਹਾਨ ਸਿੱਖ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ-ਰੇਖ ਵਿੱਚ ਹੋਈ। ਬਾਬਾ ਬੁੱਢਾ ਜੀ ਨੇ ਜਿਥੇ ਬਚਪਨ ਤੋਂ ਹੀ ਆਪ ਨੂੰ ਨਾਨਕ ਨੂਰ ਨਾਲ ਸਰਸ਼ਾਰ ਕਰਕੇ ਪਰਮਾਤਮਾ ਦੇ ਰਹੱਸ ਨਾਲ ਇਕਸੁਰ ਕੀਤਾ, ਉਥੇ ਭਾਈ ਗੁਰਦਾਸ ਜੀ ਨੇ ਆਪ ਨੂੰ ਵੱਖ-ਵੱਖ ਧਰਮਾਂ ਦੇ ਦਾਰਸ਼ਨਿਕ ਪੱਖਾਂ ਦਾ ਗੂੜ ਗਿਆਨ ਹਾਸਿਲ ਕਰਾਉਂਦੇ ਹੋਏ ਬ੍ਰਿਜ, ਸੰਸਕ੍ਰਿਤ, ਫ਼ਾਰਸੀ, ਪੰਜਾਬੀ ਆਦਿ ਭਾਸ਼ਾਵਾਂ ਵਿੱਚ ਵੀ ਪ੍ਰਾਬੀਨ ਕਰ ਦਿੱਤਾ। ਆਪਣੇ ਗੁਰੂ ਪਿਤਾ ਵਾਲੇ ਸੈਨਿਕ ਗੁਣਾਂ ਅਤੇ ਜੰਗੀ ਹੁਨਰਾਂ ਵਾਲੀ ਨਿਪੁੰਨਤਾ ਵੀ ਬਾਬਾ ਬੁੱਢਾ ਜੀ ਦਾ ਯੋਗਦਾਨ ਸੀ। ਇਸ ਲਈ ਬਚਪਨ ਤੋਂ ਹੀ ਜਿਥੇ ਕੋਮਲਤਾ, ਦਇਆ ਤੇ ਨਿਮਰਤਾ ਆਪ ਦੇ ਗੁਣਾਂ ਵਿੱਚ ਸਮਿਲਤ ਸਨ, ਉਥੇ ਜ਼ੁਲਮ ਨਾਲ ਟੱਕਰ ਲੈਣ ਦੀ ਹਿੰਮਤ ਅਤੇ ਦ੍ਰਿੜਤਾ ਆਪ ਦੇ ਮੀਰੀ ਗੁਣਾਂ ਵਿੱਚ ਸ਼ਾਮਲ ਸੀ। ਇਸ ਗੱਲ ਦਾ ਪ੍ਰਗਟਾਵਾ ਉਨ੍ਹਾਂ ਨੇ 14 ਸਾਲ ਦੀ ਉਮਰ ਵਿੱਚ ਕਰਤਾਰਪੁਰ ਦੇ ਯੁੱਧ ਵਿੱਚ ਕੀਤਾ ਅਤੇ ਸਭ ਨੂੰ ਹੈਰਾਨ ਕਰਕੇ ਰਖ ਦਿੱਤਾ। ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ ਦਾ ਨਾਮ ਤੇਗ਼ ਬਹਾਦਰ ਵੀ ਇਸ ਯੁੱਧ ਤੋਂ ਬਾਅਦ ਹੀ ਰਖਿਆ ਗਿਆ ਸੀ।



1635 ਈ. ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਪਰਿਵਾਰ ਅਤੇ ਸਿੱਖ ਸੰਗਤ ਨਾਲ ਸ਼ਿਵਾਲਿਕ ਪਹਾੜੀਆਂ ਦੇ ਵਿੱਚ ਵਸੇ ਨਗਰ ਕੀਰਤਪੁਰ ਚਲੇ ਗਏ। ਇਥੇ ਹੀ ਛੇਵੇਂ ਪਾਤਸ਼ਾਹ ਗੁਰਿਆਈ ਬਾਬਾ ਗੁਰਦਿੱਤਾ ਜੀ ਦੇ ਛੋਟੇ ਪੁੱਤਰ ਹਰਿ ਰਾਇ ਜੀ ਨੂੰ ਦੇ ਕੇ 1644 ਈ. ਵਿੱਚ ਜੋਤੀ-ਜੋਤਿ ਸਮਾ ਗਏ। ਪਿਤਾ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਤੇਗ਼ ਬਹਾਦਰ ਜੀ ਆਪਣੇ ਮਹਲ ਗੁਜਰੀ ਜੀ ਅਤੇ ਮਾਤਾ ਨਾਨਕੀ ਜੀ ਨਾਲ ਆਪਣੇ ਨਾਨਕੇ 'ਬਕਾਲੇ' ਆ ਗਏ।

ਗੁਰੂ ਹਰਿ ਰਾਇ ਜੀ 1661 ਈ. ਵਿੱਚ ਜੋਤੀ-ਜੋਤਿ ਸਮਾ ਗਏ ਅਤੇ ਗੁਰਗੱਦੀ ਉਪਰ ਅਠਵੇਂ ਗੁਰੂ ਦੇ ਰੂਪ ਵਿੱਚ ਹਰਿਕ੍ਰਿਸ਼ਨ ਜੀ, ਜਿੰਨ੍ਹਾਂ ਦੀ ਉਮਰ ਉਸ ਸਮੇਂ 5 ਸਾਲ ਸੀ, ਸਸ਼ੋਭਿਤ ਹੋਏ। ਗੁਰੂ



ਹਰਿਕ੍ਰਿਸ਼ਨ ਜੀ 1664 ਈ. ਵਿੱਚ ਜੋਤੀ-ਜੋਤ ਸਮਾ ਗਏ, ਪਰ ਉਸ ਤੋਂ ਪਹਿਲਾਂ ਗੁਰੂ ਘਰ ਦੇ ਅਨਿੰਨ ਸਿੱਖ ਭਾਈ ਦਰਘਾ ਮਲ ਜੀ ਨੂੰ ਬੁਲਾਇਆ ਅਤੇ ਪੰਜ ਪੈਸੇ ਤੇ ਨਾਰੀਅਲ ਲਿਆਉਣ ਦਾ ਹੁਕਮ ਕੀਤਾ। ਉਪ੍ਰੰਤ ਸੱਜੀ ਬਾਹ ਨੂੰ ਉਪਰ ਚੁਕਿਆ ਅਤੇ '**ਬਾਬਾ ਵਸੇ ਬਕਾਲੇ**' ਦਾ ਇਲਾਹੀ ਫ਼ੁਰਮਾਨ ਕਰਦੇ ਹੋਏ ਜੋਤੀ-ਜੋਤਿ ਸਮਾ ਗਏ।

ਬਕਾਲੇ ਜਾ ਕੇ ਗੁਰੂ ਦੀ ਭਾਲ ਕਰਨਾ ਕੋਈ ਸੁਖਾਲਾ ਕੰਮ ਨਹੀਂ ਸੀ। ਗੁਰਿਆਈ ਦੇ ਲਾਲਚ ਵਿੱਚ ਆ ਕੇ ਬਹੁਤ ਸਾਰੇ ਗੁਰੂ ਪਰਿਵਾਰਾਂ ਦੇ ਮੈਂਬਰ ਬਕਾਲੇ ਆ ਕੇ ਗੁਰਗੱਦੀ 'ਤੇ ਆਪਣਾ ਹੱਕ ਜਤਾਉਣ ਲਗ ਪਏ ਸਨ ਜਿੰਨ੍ਹਾਂ ਵਿਚੋਂ ਧੀਰਮਲ ਪ੍ਰਮੁੱਖ ਸੀ। ਸਿੱਖ ਬਹੁਤ ਦੁਬਿਧਾ ਵਿੱਚ ਸਨ। ਹੱਕ-ਸੱਚ ਦਾ ਫ਼ੈਸਲਾ ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਹੋਇਆ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਨੌਂਵੇਂ ਗੁਰੂ ਦੇ ਰੂਪ ਵਿੱਚ ਗੁਰਗੱਦੀ 'ਤੇ ਬਿਰਾਜੇ। ਰਿਸ਼ਤੇਦਾਰਾਂ ਦੀ ਈਰਖਾ ਅਤੇ ਨਫ਼ਰਤ ਸਾਰੀਆਂ ਹੱਦਾਂ ਬੰਨੇ ਪਾਰ ਕਰ ਗਈ ਸੀ। ਇਥੋਂ ਤਕ ਕਿ ਧੀਰਮਲ ਨੇ ਸੀਹੇਂ ਮਸੰਦ ਰਾਹੀਂ ਆਪ ਜੀ ਨੂੰ ਮਾਰਨ ਦੀ ਕੋਸ਼ਿਸ਼ ਵੀ ਕੀਤੀ। ਸਿੱਖ ਸੰਗਤਾਂ ਇਸ ਘਟਨਾ 'ਤੇ ਬੇਹਦ ਕ੍ਰੋਧਤ ਹੋਈ ਅਤੇ ਇਸ ਦੀ ਸਜ਼ਾ ਧੀਰਮਲ ਤੇ ਸੀਹੇਂ ਮਸੰਦ ਨੂੰ ਦਿੱਤੀ ਗਈ। ਪਰ ਗੁਰੂ ਸਾਹਿਬ ਦੇ ਨਿਮਰਤਾ ਵਾਲੇ ਸੁਭਾਅ ਲਈ ਇਹ ਅਸਹਿ ਸੀ, ਇਸ ਲਈ ਉਹ ਬਕਾਲੇ ਤੋ ਕੂਚ ਕਰ ਗਏ ਅਤੇ ਕੀਰਤਪੁਰ ਆਣ ਵਸੇ। ਇਥੇ ਰਹਿੰਦੇ ਹੋਏ ਹੀ ਆਪ ਜੀ ਨੇ ਅਨੰਦਪੁਰ ਸਾਹਿਬ ਵਸਾਇਆ। ਇਥੋਂ ਹੀ ਸਿੱਖ ਧਰਮ ਦੇ ਪ੍ਰਚਾਰ ਹਿਤ ਦੂਰ-ਦੁਰਾਡੇ ਪ੍ਰਦੇਸ਼ਾਂ ਵਿੱਚ ਯਾਤਰਾਵਾਂ ਦਾ ਸਿਲਸਿਲਾ ਸ਼ੁਰੂ ਹੋਇਆ, ਜਿਸ ਨਾਲ ਸਿੱਖ ਧਰਮ ਦੀ ਹਰਮਨ-ਪਿਆਰਤਾ ਬੇਹੱਦ ਵੱਧੀ। ਅਨੰਦਪੁਰ ਸਾਹਿਬ ਗੁਰੂ ਪਾਤਸ਼ਾਹ ਅਤੇ ਸਿੱਖਾਂ ਦੀ ਮੰਜ਼ਿਲ ਵਜੋਂ ਸਥਾਪਤ ਹੋ ਗਿਆ ਅਤੇ ਆਪਣੀ ਸ਼ਹਾਦਤ ਦਾ ਜਾਮ ਪੀਣ ਲਈ ਇਥੋਂ ਹੀ ਆਪ ਜੀ ਨੇ 1675 ਈ. ਵਿੱਚ ਦਿੱਲੀ ਵੱਲ ਚਾਲੇ ਪਾਏ ਸਨ।


ਸ਼ਹਾਦਤ ਦੇ ਕਾਰਣ

ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ

ਗੁਰੂ ਨਾਨਕ ਪਾਤਸ਼ਾਹ ਨੇ ਹਿੰਦੁਸਤਾਨ ਦੀ ਧਰਤੀ 'ਤੇ '੧' ਦਾ ਦੈਵੀ ਨਾਦ ਗੁੰਜਾ ਕੇ, ਉਨ੍ਹਾਂ ਨੂੰ ਪਰਮੇਸ਼ਵਰ ਦੇ ਪੁੱਤਰ ਹੋਣ ਦਾ ਅਹਿਸਾਸ ਕਰਾਇਆ। ਉਹ ੧ ਤੇ ਉਸਦੀ ਕਿਰਤ ਵੀ ੧ ਦਾ ਅਜਿਹਾ ਪਾਠ ਪੜ੍ਹਾਇਆ ਕਿ ਹਿੰਦੁਸਤਾਨ ਦੀ

ਲੋਕਾਈ ਦੀਆਂ ਨਾੜਾਂ ਵਿੱਚ ਸਦੀਆਂ ਤੋਂ ਜਖ ਹੋਏ ਖ਼ੂਨ ਨੇ ਰੁਮਕਣਾ ਸ਼ੁਰੂ ਕਰ ਦਿੱਤਾ। ਹੁਣ ਗੁਰੂ ਨਾਨਕ ਉਨ੍ਹਾਂ ਦੀ ਮੁਕਤੀ ਦਾ ਰਹਿਬਰ ਸੀ ਅਤੇ ਉਹ ਉਸ ਦੇ 'ਬੰਦੇ'। ਦੂਰ-ਦਰਾਜ ਤੋਂ ਸੈਕੜਿਆਂ ਦੀ ਗਿਣਤੀ ਵਿੱਚ ਲੋਕ ਗੁਰੂ ਸਾਹਿਬ ਦੇ ਦੈਵੀ ਝੰਡੇ ਥੱਲੇ ਇਕੱਤਰ ਹੋਣ ਲਗੇ। ਗੁਰੂ ਨਾਨਕ ਪਾਤਸ਼ਾਹ ਨੇ ਸ਼ੋਸ਼ਨਕਾਰੀਆਂ ਦੀ ਧੱਕੇ-ਸ਼ਾਹੀ ਵਿਰੁੱਧ ਪਾਠ ਪੜ੍ਹਾਉਣ ਲਈ ਪੂਰੀ ਦੁਨੀਆ ਦਾ ਭਰਮਣ ਕੀਤਾ। ਬਰਾਬਰੀ, ਮਨੁੱਖੀ ਸਨਮਾਨ, ਸੁਤੰਤਰਤਾ ਅਤੇ ਭਾਈਚਾਰੇ ਦੇ ਅਜਿਹੇ ਪੂਰਨੇ ਪਾਏ ਕਿ ਉਹ ਦਮਨਕਾਰੀਆਂ ਵਿਰੁੱਧ ਗੁਰਮਤਿ ਦੇ ਝੰਡੇ ਹੇਠ ਲਾਮਬੰਦ ਹੋਣ ਲਗੇ ਅਤੇ ਭੂਤ ਤੇ ਭਵਿੱਖ ਦੇ ਚੱਕਰ ਵਿਚੋਂ ਨਿਕਲ ਕੇ ਵਰਤਮਾਨ ਦੀ ਸਥਾਪਨਾ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਗਈ। ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਮਨੁੱਖਾਂ ਦੇ ਮਾੜੇ ਭਾਗਾਂ 'ਤੇ ਰਹਿਮਤੇ ਬਾਰਸ਼ ਸਿੱਧ ਹੋਏ। ਗ਼ੁਲਾਮ ਜ਼ਹਿਨੀਅਤ ਦੇ ਕਾਲੇ ਬੱਦਲ ਛੰਡਣ ਲਗੇ ਅਤੇ ਇਨ੍ਹਾਂ ਵਿਚੋਂ ਨਵੇ-ਨਵੇਲੇ ਸੂਰਜ ਦੇ ਲਸ਼ਕਾਰੇ ਦੱਬੀ-ਕੁਚਲੀ ਲੋਕਾਈ ਲਈ ਨਵਾਂ ਸੁਨੇਹਾ ਲੈ ਕੇ ਆਉਣ ਲਗੇ।

ਇਨ੍ਹਾਂ ਪੂਰਨਿਆਂ ਨੂੰ ਬਾਕੀ ਗੁਰੂ ਸਾਹਿਬਾਨ ਨੇ ਅਮਲ ਵਿੱਚ ਤਬਦੀਲ ਕਰਦਿਆਂ ਸਿਰਲੱਥ ਸੂਰਮਿਆਂ ਦੀ ਇਕ ਅਜਿਹੀ ਕੌਮੀਅਤ ਤਿਆਰ ਕਰ ਦਿੱਤੀ ਜੋ "**ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ**" ਦੇ ਸੰਕਲਪ ਨਾਲ ਸਰਸ਼ਾਰ ਹੋਈ ਪਈ ਸੀ। ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾ ਹਿੰਦੂ ਮੁਸਲਮਾਨ ਦਾ ਫਰਕ ਸੀ, ਨਾ ਹੀ ਊਚ-ਨੀਚ ਅਤੇ ਔਰਤ-ਮਰਦ ਦਾ। ਗੁਰੂ ਨਾਨਕ ਸਾਹਿਬ ਦਾ ਸੰਗੀ-ਸਾਥੀ ਭਾਈ ਮਰਦਾਨਾ, ਜੋ ਗੁਰੂ ਸਾਹਿਬ ਨਾਲ ਅੰਤਮ ਸੁਆਸ ਤਕ ਨਿਬਹਿਆ, ਮੁਸਲਮਾਨ ਧਰਮ ਨਾਲ ਸਬੰਧਤ ਸੀ ਅਤੇ ਅਖੌਤੀ ਨੀਵੀਂ ਮੰਨੀ ਜਾਂਦੀ ਸ਼੍ਰੇਣੀ ਮਰਾਸੀ ਜਾਤ ਦਾ ਸੀ।



ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨੇ ਸਭ ਕਿਸਮ ਦੀਆਂ ਭ੍ਰਾਂਤੀਆਂ ਨੂੰ ਹਮੇਸ਼ਾ-ਹਮੇਸ਼ਾ ਲਈ ਖਤਮ ਕਰਦਿਆਂ "**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ**" ਦਾ ਅਜਿਹਾ ਸਬਕ ਪੜ੍ਹਾਇਆ ਕਿ ਜਨ ਸਧਾਰਣ ਲਈ ਗੁਰੂ-ਘਰ ਅੰਤਮ ਸਤ ਹੋ ਨਿਬੜਿਆ ਸੀ। ਹੁਣ ਹਿੰਦੁਸਤਾਨ ਦੇ ਕੋਨੇ-ਕੋਨੇ ਵਿੱਚ ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਸਨ, ਇਲਾਹੀ ਨਾਦ ਦੀ ਗੂੰਜ ਸੀ ਅਤੇ ਇਹ ਗੂੰਜ ਕਿਸੇ ਵੱਡੇ ਸੱਚ ਵੱਲ ਇਸ਼ਾਰਾ ਕਰ ਰਹੀ ਸੀ। ਜਿਥੇ ਸੱਚ ਦੇ ਰਹਿਬਰਾਂ 'ਤੇ ਪ੍ਰਗਟ ਹੋਈ "**ਧੁਰ ਕੀ ਬਾਣੀ**" ਦੇ ਨਾਦ ਨੇ ਹਿੰਦੁਸਤਾਨ ਦੇ ਕਣ-ਕਣ ਨੂੰ ਰੁਸ਼ਨਾ ਦਿੱਤਾ ਸੀ, ਉਥੇ ਕਾਲੀਆਂ ਰੂਹਾਂ ਦੇ ਧੁਰ ਅੰਦਰ ਤਕ ਕੰਬਣੀ ਵੀ ਛੇੜ ਕੇ ਰਖ ਦਿੱਤੀ ਸੀ। ਸਿੱਟੇ ਵਜੋਂ ਚੜ੍ਹਦੇ ਸੂਰਜ ਨੂੰ ਰੋਕਣ ਦੇ ਅਨੇਕਾਂ ਉਪਰਾਲੇ ਸ਼ੁਰੂ ਹੋ ਗਏ। ਇਹ


ਉਪਰਾਲੇ ਬਾਹਰੀ ਵੀ ਸਨ ਅਤੇ ਅੰਦਰੂਨੀ ਵੀ।

ਕਾਲੀਆਂ ਅਤੇ ਬਦਰੂਹਾਂ ਲਈ ਇਹ ਅਸਹਿ ਸੀ। ਉਹ ਆਪਣੀ ਦੰਭੀ ਚਾਦਰ ਨਾਲ ਇਸ ਚੜ੍ਹਦੇ ਸੂਰਜ ਦਾ ਪ੍ਰਕਾਸ਼ ਰੋਕਣ ਲਈ ਤਰਲੋ-ਮੱਛੀ ਹੋ ਰਹੇ ਸਨ। ਗੁਰੂ ਸਿਧਾਂਤ ਦੇ ਤੇਜ਼ ਨੇ ਇਨ੍ਹਾਂ ਬੌਣ ਧਾਰੀਆਂ ਨੂੰ ਨੰਗਿਆਂ ਕਰਕੇ ਰਖ ਦਿੱਤਾ ਸੀ। ਉਹ ਗੁੱਸੇ ਵਿੱਚ ਤਿਲਮਿਲਾ ਰਹੇ ਸਨ ਅਤੇ ਇਸ ਤਿਲਮਿਲਾਹਟ ਵਿੱਚ ਹਰ ਅਸੂਲ ਦਾ ਛਿੱਕੇ ਟੰਗਿਆ ਜਾਣਾ ਸੁਭਾਵਕ ਸੀ। ਉਨ੍ਹਾਂ ਦਾ ਗੁਰੂ ਅਰਜਨ ਪਾਤਸ਼ਾਹ ਨੂੰ ਸ਼ਹੀਦ ਕਰਕੇ ਖ਼ੁਸ਼ੀ ਦੇ ਡੰਕੇ ਵਜਾਉਣਾ ਬੌਣੀ ਜਹਿਨੀਅਤ ਦਾ ਨਤੀਜਾ ਹੀ ਸੀ। ਪਰ ਸੱਚ ਦੇ ਪਾਂਧੀ ਆਪਣੀ ਮੰਜ਼ਿਲ ਤਕ ਪਹੁੰਚਣ ਲਈ ਸਿਰ 'ਤੇ ਕਫ਼ਨ ਬੰਨ੍ਹ ਕੇ ਨਿਕਲ ਚੁਕੇ ਸਨ।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਗੁਰਿਆਈ ਵੇਲੇ ਤਕ ਨਾਨਕ ਘਰ ਦੇ ਸੱਚੇ ਨਾਦ ਨੇ ਪੂਰੇ ਹਿੰਦੁਸਤਾਨ ਵਿੱਚ ਹਕੂਮਤ ਨੂੰ ਤਰਲੋ-ਮੱਛੀ ਕਰਕੇ ਰਖ ਦਿੱਤਾ ਸੀ। ਸਰਕਾਰੇ ਦਰਬਾਰੇ ਸ਼ਿਕਾਇਤਾਂ ਦੇ ਜੰਗਲ ਉਗ ਆਏ ਸਨ। ਹੁਣ ਇਕੋ ਰਸਤਾ ਸੀ, ਜਾਂ ਤੇ ਹਥਿਆਰਬੰਦ ਘੋਲ ਜਾਂ ਪੰਚਮ ਪਾਤਸ਼ਾਹ ਵਾਂਗ ਸਿੱਖੀ ਦੇ ਬੂਟੇ ਨੂੰ ਹਰਾ-ਭਰਾ ਰਖਣ ਲਈ ਆਪਣੇ ਖ਼ੂਨ ਦੀ ਆਹੂਤੀ। ਗੁਰੂ ਤੇਗ਼ ਬਹਾਦਰ ਜੀ ਨੇ ਦੂਜਾ ਰਾਹ ਚੁਣਿਆ।

ਔਰੰਗਜ਼ੇਬ ਦੀ ਧਾਰਮਿਕ ਕਟੜਤਾ

1526 ਈ. ਨੂੰ ਪਾਨੀਪਤ ਦੇ ਮੈਦਾਨੇ-ਜੰਗ ਵਿੱਚ ਜਹੀਰੂਦੀਨ ਬਾਬਰ ਨੇ ਫ਼ਤਹਿ ਹਾਸਲ ਕਰਕੇ, ਦਿੱਲੀ 'ਤੇ ਮੁਗ਼ਲੀਆ ਸਲਤਨਤ ਦਾ ਝੰਡਾ ਗੱਡ ਦਿੱਤਾ। ਬਾਬਰ ਤੋਂ ਬਾਅਦ ਉਸਦੇ ਪੁੱਤਰ ਹੰਮਾਯੂੰ ਨੂੰ ਅਨੇਕਾਂ ਦੁਖਾਂ-ਤਕਲੀਫਾਂ ਦਾ ਸਾਹਮਣਾ ਕਰਨਾ ਪਿਆ ਜਿੰਨ੍ਹਾਂ ਵਿਚੋਂ ਇਕ ਸ਼ੇਰ ਸ਼ਾਹ ਸੂਰੀ ਦਾ ਉਸ ਕੋਲੋਂ ਰਾਜ-ਭਾਗ ਖੋਹ ਕੇ ਉਸਨੂੰ ਜਲਾਵਤਨ ਕਰ ਦੇਣਾ ਵੀ ਸ਼ਾਮਲ ਹੈ। ਪਰ ਵਿਰਸੇ ਵਿੱਚ ਮਿਲੀ ਦ੍ਰਿੜਤਾ ਅਤੇ ਲਗਨ ਨਾਲ ਉਹ ਫਿਰ ਹਿੰਦੁਸਤਾਨ ਦੇ ਤਖ਼ਤ ਦਾ ਮਾਲਕ ਬਣ ਗਿਆ। ਹੰਮਾਯੂੰ ਤੋਂ ਬਾਅਦ ਉਸਦਾ ਪੁੱਤਰ ਅਕਬਰ ਸ਼ਹਿਨਸ਼ਾਹੇ ਆਲਮ ਬਣਿਆ ਅਤੇ ਲੰਮਾ ਸਮਾਂ ਰਾਜ ਕਰਕੇ ਮੁਗ਼ਲੀਆ ਹਕੂਮਤ ਦੀਆਂ ਜੜ੍ਹਾਂ ਨੂੰ ਪਕਿਆ ਕਰ ਗਿਆ। ਇਹੋ ਸਮਾਂ ਮੁਗ਼ਲ ਰਾਜ ਦਾ ਸਿਖਰ ਪ੍ਰਵਾਨ ਕੀਤਾ ਜਾ ਸਕਦਾ ਹੈ। ਬੇਹੱਦ ਨਿਮਰ, ਦਿਆਲੂ ਸ਼ਹਿਨਸ਼ਾਹ ਨੇ ਪਰਜਾ ਨੂੰ ਹਿੰਦੂ ਮੁਸਲਮਾਨਾਂ ਦੇ ਰੂਪ ਵਿੱਚ ਨਾ ਵੇਖਦੇ ਹੋਏ ਕੁਲ ਹਿੰਦੁਸਤਾਨੀਆਂ ਦੇ ਦਿਲਾਂ ਅੰਦਰ ਆਪਣੀ ਥਾਂ ਬਣਾ ਲਈ। ਗ਼ੈਰ-ਮੁਸਲਮਾਨਾਂ ਨਾਲ ਵਿਆਹ ਸਬੰਧ ਸਥਾਪਤ ਕਰਕੇ ਇਸ ਦਵੈਤ ਨੂੰ ਖਤਮ ਕਰਨ ਵੱਲ ਇਸ਼ਾਰਾ ਵੀ ਕਰ ਦਿੱਤਾ। ਉਸ ਤੋਂ ਬਾਅਦ ਜਹਾਂਗੀਰ ਗੱਦੀ 'ਤੇ ਬੈਠਾ। ਸ਼ੁਰੂ ਵਿੱਚ ਉਹ ਤੁਅੱਸਬ ਨਾਲ ਭਰਿਆ ਪਿਆ ਸੀ ਜਿਸ ਕਾਰਣ ਉਸਨੇ




ਹਿੰਦੁਸਤਾਨੀਆਂ ਨੂੰ ਆਮ ਕਰਕੇ ਅਤੇ ਸਿੱਖਾਂ ਨੂੰ ਖ਼ਾਸ ਕਰਕੇ ਆਪਣੇ ਰਸਤੇ ਦੀ ਰੁਕਾਵਟ ਸਮਝਦਾ। ਇਸ ਦੇ ਸਿੱਟੇ ਵਜੋਂ ਪੰਚਮ ਪਾਤਸ਼ਾਹ ਦੀ ਸ਼ਹਾਦਤ ਹੋਈ ਪਰ ਬਾਅਦ ਵਿੱਚ ਉਸਦੇ ਵਿਚਾਰਾਂ ਵਿੱਚ ਵੱਡੀ ਤਬਦੀਲੀ ਆਈ। ਜਹਾਂਗੀਰ ਤੋਂ ਬਾਅਦ ਸ਼ਾਹਜਹਾਂ ਨੇ ਵੀ ਧਾਰਮਿਕ ਮਾਮਲਿਆਂ ਤੋਂ ਆਪਣੇ ਆਪ ਨੂੰ ਵੱਖ ਰਖਣ ਦੀ ਕੋਸ਼ਿਸ਼ ਕੀਤੀ।



1658 ਈ. ਵਿੱਚ ਔਰੰਗਜ਼ੇਬ ਰਾਜ ਗੱਦੀ 'ਤੇ ਬੈਠਾ। ਉਸਨੇ ਆਪਣੇ ਵਾਰਸਾਂ ਦੀ ਹਿੰਦੁਸਤਾਨ ਦੇ ਵਾਸੀਆਂ ਨੂੰ ਧਰਮ ਦੇ ਮਾਮਲੇ ਵਿੱਚ ਦਿੱਤੀ ਖੁਲ੍ਹ ਨੂੰ ਇਸਲਾਮ ਅਤੇ ਇਸਲਾਮਕ ਰਾਜ ਲਈ ਵੱਡਾ ਖ਼ਤਰਾ ਮੰਨਿਆ। ਗੱਦੀ 'ਤੇ ਬੈਠਦਿਆਂ ਹੀ ਉਸਨੇ ਆਪਣੀ ਦਿਲੀ ਇੱਛਾ ਅਨੁਸਾਰ ਨਿਰੋਲ ਇਸਲਾਮੀ ਰਾਜ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ ਜਿਸ ਵਿੱਚ ਹੋਰ ਧਰਮਾਂ ਦੇ ਲੋਕਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਹੀ ਜਿਊਣਾ ਪ੍ਰਵਾਨ ਕਰਨਾ ਪੈਣਾ ਸੀ ਜਾਂ ਉਹਨਾਂ ਨੂੰ ਇਸਲਾਮ ਧਰਮ ਗ੍ਰਹਿਣ ਕਰਨਾ ਪੈਣਾ ਸੀ। ਉਹ ਆਪਣੇ ਪੜਦਾਦੇ ਅਕਬਰ ਨੂੰ ਹਿੰਦੂ ਧਰਮ ਪ੍ਰਤੀ ਵਰਤੇ ਸਨੇਹ ਕਾਰਣ ਸਖ਼ਤ ਨਫ਼ਰਤ ਕਰਦਾ ਸੀ ਅਤੇ ਉਸਦੇ ਪਦ-ਚਿੰਨ੍ਹਾਂ 'ਤੇ ਚਲਣ ਵਾਲੇ ਆਪਣੇ ਭਰਾ ਦਾਰੇ ਨੂੰ ਕਤਲ ਕਰਨਾ ਇਸ ਦਾ ਹੀ ਅਮਲ ਵਿੱਚ ਪ੍ਰਗਟਾਅ ਸੀ। ਗੱਦੀ 'ਤੇ ਬੈਠਦਿਆਂ ਗ਼ੈਰ-ਧਰਮੀ ਵਿਰੁੱਧ ਉਸਨੇ ਕੁਹਾੜਾ ਚਲਾਉਣਾ ਸ਼ੁਰੂ ਕਰ ਦਿੱਤਾ। ਹਿੰਦੂ ਤਿਉਹਾਰ ਮਨਾਉਣ ਅਤੇ ਸੰਗੀਤ ਤੇ ਨਾਚ ਦੀ ਮਨਾਹੀ ਦੇ ਹੁਕਮ ਜਾਰੀ ਕਰ ਦਿੱਤੇ। ਅਵੱਗਿਆ ਕਰਨ 'ਤੇ ਮੌਤ - ਨਾ ਵਕੀਲ ਨਾ ਦਲੀਲ, ਸੰਪੂਰਨ ਤਾਨਾਸ਼ਾਹੀ ਦਾ ਨਾਦ। ਅਗਲੇ ਹੁਕਮਾਂ ਵਿੱਚ ਹਿੰਦੂਆਂ ਨੂੰ ਨੌਕਰੀਆਂ 'ਤੇ ਲਾਉਣ ਦੇ ਨਾਲ-ਨਾਲ ਦਾੜ੍ਹੀ ਰੱਖਣ ਦੀ ਸਖ਼ਤ ਮਨਾਹੀ ਕਰ ਦਿੱਤੀ। ਮੰਦਰਾਂ ਦੀ ਉਸਾਰੀ ਅਤੇ ਗ਼ੈਰ-ਮੁਸਲਮਾਨਾਂ 'ਤੇ ਕਰਾਂ ਦੇ ਮਾਮਲਿਆਂ ਵਿੱਚ ਅਜਿਹਾ ਦਮਨਕਾਰੀ ਚੱਕਰ ਚਲਾਇਆ ਕਿ ਕੁਲ ਕਾਇਨਾਤ ਭੈ-ਭੀਤ ਹੋ ਗਈ।

1666 ਈ. ਨੂੰ ਇਕ ਹੁਕਮ ਜਾਰੀ ਕੀਤਾ ਕਿ ਨਵੇਂ ਮੰਦਰ ਉਸਾਰੇ ਨਹੀਂ ਜਾਣਗੇ। ਇਸ ਦੇ ਨਾਲ ਹੀ ਮਥੁਰਾ ਦੇ ਕੇਸ਼ਵ ਰਾਏ ਮੰਦਰ ਨੂੰ ਢਾਹ-ਢੇਰੀ ਕਰਨ ਦਾ ਫ਼ੁਰਮਾਨ ਵੀ ਸੀ। ਇਹ ਪਹਿਲਾ ਹਿੰਦੂ ਤੀਰਥ ਅਸਥਾਨ ਸੀ ਜੋ ਔਰੰਗਜ਼ੇਬ ਦੀ ਦਮਨਕਾਰੀ ਨੀਤੀ ਦੀ ਭੇਂਟ ਚੜ੍ਹਿਆ। ਇਸ ਤੋਂ ਬਾਅਦ ਇਹ ਸਿਲਸਿਲਾ ਨਿਰੰਤਰਤਾ ਵਿੱਚ ਤਬਦੀਲ ਹੋ ਗਿਆ। 1669 ਈ. ਨੂੰ ਬਨਾਰਸ ਦਾ ਵਿਸ਼ਵਨਾਥ ਅਤੇ ਗੋਪੀਨਾਥ ਮੰਦਰ ਢਾਹ ਕੇ ਮਸੀਤਾਂ ਉਸਾਰ ਦਿੱਤੀ ਗਈਆਂ। 1670 ਈ. ਦੇ ਫ਼ੁਰਮਾਨਾਂ ਰਾਹੀਂ ਹਿੰਦੂਆਂ



ਦੇ ਘੋੜੇ 'ਤੇ ਚੜ੍ਹਣ, ਹਥਿਆਰ ਰਖਣ ਤੇ ਪਗ ਬੰਨ੍ਹਣ 'ਤੇ ਪੂਰਨ ਪਾਬੰਦੀ ਲਾ ਦਿੱਤੀ ਗਈ। 1671 ਈ. ਦੇ ਫ਼ੁਰਮਾਨ ਨਾਲ ਨੌਕਰੀਆਂ 'ਤੇ ਲਗੇ ਸਾਰੇ ਹਿੰਦੂ ਸ਼ਾਹੀ ਨਛੱਤਰ, ਨਜੂਮੀ ਅਤੇ ਅਹਿਲਕਾਰ ਨੌਕਰੀਆਂ ਤੋਂ ਕੱਢ ਬਾਹਰ ਕੀਤੇ ਗਏ। ਅਕਬਰ ਦੇ ਵੇਲੇ ਖਤਮ ਕੀਤੇ ਜਜ਼ੀਆ ਅਤੇ ਯਾਤਰੂ ਟੈਕਸ ਮੁੜ ਲਾਗੂ ਕੀਤੇ ਜਿੰਨ੍ਹਾਂ ਨੇ ਲੋਕਾਂ ਦਾ ਲਹੂ ਨਿਚੋੜ ਲਿਆ। ਰੋਜ਼ਾਨਾ ਸਖ਼ਤ ਸ਼ਾਹੀ ਫ਼ੁਰਮਾਨ ਜਾਰੀ ਕੀਤੇ ਜਾਣ ਲਗੇ ਤਾਂ ਜੋ ਲੋਕ ਖ਼ੁਦ-ਬਖ਼ੁਦ ਇਸਲਾਮ ਧਾਰਨ ਕਰਨ ਲਈ ਮਜ਼ਬੂਰ ਹੋ ਜਾਣ। ਉਨ੍ਹਾਂ ਫ਼ਤਵਿਆਂ ਵਿੱਚ ਇਕ ਫ਼ਤਵੇ ਦੀ ਇਬਾਰਤ ਇਸ ਤਰ੍ਹਾਂ ਸੀ :

ਕਾਫ਼ਰਾਂ ਨੂੰ ਮੋਮਿਨ ਬਣਾਓ, ਜੇ ਨਾ ਬਣਨ ਤਾਂ ਗ਼ੁਲਾਮ ਜ਼ਰੂਰ ਬਣਾਓ,
ਨਾ ਮੰਨਣ 'ਤੇ ਉਹਨਾਂ ਦੀ ਧਨ-ਸੰਪਤੀ 'ਤੇ ਕਬਜ਼ਾ ਕਰਕੇ
ਉਨ੍ਹਾਂ ਦੀ ਹੋਂਦ ਦੇ ਸਾਧਨ ਖੋਹ ਲਓ।
ਅਜਿਹਾ ਕਰਨ ਦੇ ਬਾਵਜੂਦ ਵੀ ਜੇਕਰ ਉਹ ਅੜੇ ਰਹਿਣ ਤਾਂ ਮਾਰ ਮੁਕਾ ਦਿਓ।

ਜਦੋਂ ਅਜਿਹਾ ਦਮਨਕਾਰੀ ਚੱਕਰ ਚਲ ਰਿਹਾ ਸੀ ਤਾਂ ਗੁਰੂ ਘਰ ਵੱਲੋਂ ਸਾਹਮਣੇ ਆਉਣਾ ਲਾਜ਼ਮੀ ਸੀ ਅਤੇ ਉਸਦਾ ਨਤੀਜਾ ਖ਼ੂਨ ਦੀਆਂ ਨਦੀਆਂ ਦਾ ਵਹਿਣਾ ਸੀ। ਇਹ ਸੱਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਇਤਿਹਾਸ ਦੇ ਤੌਰ 'ਤੇ ਸਾਹਮਣੇ ਆਇਆ। ਔਰੰਗਜ਼ੇਬ ਦੇ ਜਬਰ ਅਤੇ ਜ਼ੁਲਮ ਨੂੰ ਠਲ੍ਹ ਪਾਉਣ ਲਈ ਗੁਰੂ ਪਾਤਸ਼ਾਹ ਨੇ ਅਗੇ ਆ ਕੇ ਅਜਿਹਾ ਇਤਿਹਾਸ ਸਿਰਜ ਦਿੱਤਾ ਜੋ ਸੰਸਾਰੀ ਇਤਿਹਾਸ ਵਿੱਚ ਅਦੁੱਤੀ ਮਿਸਾਲ ਦੇ ਤੌਰ 'ਤੇ ਹਮੇਸ਼ਾ-ਹਮੇਸ਼ਾ ਲਈ ਮਹਿਫ਼ੂਜ਼ ਹੋ ਗਿਆ।

ਨਕਸ਼ਬੰਦੀ ਸਿਲਸਿਲਾ

ਇਸਲਾਮ ਧਰਮ ਦੇ ਭਰਾਤਰੀ ਭਾਵ ਅਤੇ ਰੱਬੀ ਪਿਆਰ ਵਰਗੇ ਸੰਦੇਸ਼ ਜਦੋਂ ਇਸਲਾਮੀ ਕਟੜਤਾ ਦੀ ਭੇਂਟ ਚੜ੍ਹ ਗਏ ਤਾਂ ਇਸ ਦੇ ਵਿਰੋਧ ਵਿੱਚ ਸੂਫੀਵਾਦ ਨਾਂ ਦੀ ਇਕ ਲਹਿਰ ਚਲੀ, ਜਿਸਨੇ ਕਟੜਤਾ ਦੀ ਹਨ੍ਹੇਰੀ ਨੂੰ ਠਲ੍ਹ ਪਾਉਣ ਦੀ ਕੋਸ਼ਿਸ਼ ਕੀਤੀ। ਇਸ ਦਾ ਬਾਨੀ ਅਬੂ ਹਾਸ਼ਮ ਕੂਫ਼ੀ ਸੀ ਜੋ ਕੂਫ਼ ਸ਼ਹਿਰ ਦਾ ਵਸਨੀਕ ਸੀ। ਇਹ ਲਹਿਰ ਬਹੁਤ ਹਰਮਨ ਪਿਆਰੀ ਹੋਈ ਅਤੇ ਹਿੰਦੁਸਤਾਨ ਦੀ ਧਰਤੀ ਤਕ ਪਹੁੰਚਣ ਤਕ ਇਹ ਕਈ ਹਿੱਸਿਆਂ ਵਿੱਚ ਵੰਡੀ ਗਈ, ਜਿੰਨ੍ਹਾਂ ਨੂੰ ਸਿਲਸਿਲੇ ਦਾ ਨਾਮ ਦਿੱਤਾ ਗਿਆ। ਇਨ੍ਹਾਂ ਵਿੱਚ ਪ੍ਰਮੁੱਖ ਸਿਲਸਿਲੇ - ਚਿਸ਼ਤੀ, ਕਾਦਰੀ ਅਤੇ ਨਕਸ਼ਬੰਦੀ ਸਨ, ਜਿੰਨ੍ਹਾਂ ਦਾ ਸਿੱਖ ਧਰਮ ਨਾਲ ਪਿਆਰ ਅਤੇ ਵਿਰੋਧ ਵਾਲੇ ਦੋਵੇਂ ਸਬੰਧ ਰਹੇ। ਚਿਸ਼ਤੀ ਸਿਲਸਿਲੇ ਦੇ ਦੈਵੀ ਫ਼ਕੀਰ ਬਾਬਾ ਫ਼ਰੀਦ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ। ਕਾਦਰੀ ਸਿਲਸਿਲੇ ਦੇ

ਫ਼ਕੀਰ ਸਾਈਂ ਮੀਆਂ ਮੀਰ ਨੇ ਗੁਰੂ ਪੰਚਮ ਪਾਤਸ਼ਾਹ ਦੇ ਹੁਕਮਾਂ ਨਾਲ ਹਰਿਮੰਦਰ ਦੀ ਨੀਂਹ ਰੱਖੀ ਅਤੇ ਨਕਸ਼ਬੰਦੀ ਸਿਲਸਿਲੇ ਨੇ ਗੁਰੂ ਅਰਜਨ ਪਾਤਸ਼ਾਹ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਲਈ ਅਹਿਮ ਭੂਮਿਕਾ ਨਿਭਾਈ।

ਨਕਸ਼ਬੰਦੀ ਸਿਲਸਿਲੇ ਨੇ ਸੂਫੀਵਾਦ ਦੇ ਨਿਮਰਤਾ ਅਤੇ ਪਿਆਰ ਦੇ ਗੁਣਾਂ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਕਟੜਤਾ ਨੂੰ ਹੀ ਆਪਣਾ ਧਰਮ ਪ੍ਰਵਾਨ ਕਰ ਲਿਆ। ਆਪਣੀ ਕਟੜਤਾ ਦੀ ਇਸ ਅਗਨੀ ਵਿੱਚ ਉਹ ਕੁਲ 'ਕਾਫ਼ਰਾਂ' ਨੂੰ ਫ਼ਨਾਹ ਕਰਨ ਦੀ ਤਾਕਤ ਲਈ ਅੱਲਾਹ ਅੱਗੇ ਅਰਜੋਈਆਂ ਵੀ ਕਰਦੇ ਸਨ ਅਤੇ ਹਾਕਮਾਂ ਨੂੰ ਗ਼ੈਰ-ਧਰਮੀਆਂ ਨੂੰ ਖ਼ਤਮ ਕਰਨ ਦਾ ਸੰਦੇਸ਼ ਵੀ ਦਿੰਦੇ ਸਨ।



ਨਫ਼ਰਤ ਦੇ ਇਸ ਕਰਮ ਦੀ ਸਿਖਰ ਸ਼ੇਖ ਅਹਿਮਦ ਸਰਹਿੰਦੀ ਦੇ ਵੇਲੇ ਸੀ। ਉਹ ਮੁਜ਼ੱਦਦ ਅਲਫ਼ਿਸਾਨੀ (ਹਜ਼ਾਰਾਂ ਯੁਗਾਂ ਦਾ ਸੁਧਾਰਕ) ਦਾ ਖਿਤਾਬ ਧਾਰਨ ਕਰਕੇ ਪਿਛਾਂਹ ਖਿਚੂ ਸ਼ਕਤੀਆਂ ਦਾ ਆਗੂ ਬਣ ਬੈਠਾ। ਉਸਦੀ ਇੱਛਾ ਸੀ ਕਿ ਸਭ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਮੁਆਮਲਿਆਂ ਦਾ ਨਿਪਟਾਰਾ ਪੁਰਾਤਨ ਸੁੰਨੀ ਅਸੂਲਾਂ ਅਨੁਸਾਰ ਕੀਤਾ ਜਾਵੇ। ਅਕਬਰ ਦਾ ਦੀਨਿ-ਇਲਾਹੀ, ਹਿੰਦੂਆਂ ਨਾਲ ਵਿਆਹ ਸਬੰਧ ਅਤੇ ਉਨ੍ਹਾਂ ਦੇ ਤਿਥਾਂ-ਤਿਉਹਾਰਾਂ ਵਿੱਚ ਉਸਦੀ ਸ਼ਮੂਲੀਅਤ ਨੂੰ ਇਹ ਇਸਲਾਮ ਵਾਸਤੇ ਖ਼ਤਰਾ ਤਸੱਵਰ ਕਰਦਾ। ਇਕ ਅਜਿਹਾ ਖ਼ਤਰਾ ਜੋ ਇਸਲਾਮੀ ਰਾਜ ਅਤੇ ਇਸਲਾਮੀ ਧਰਮ ਨੂੰ ਹਿੰਦੁਸਤਾਨ ਵਿਚੋਂ ਖ਼ਤਮ ਕਰ ਸਕਦਾ ਸੀ।

ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਇਸ ਸਿਲਸਿਲੇ ਦੀ ਅਗਵਾਈ ਸ਼ੇਖ ਮਾਸੂਮ ਕਰਦਾ ਸੀ। ਉਸ ਵੇਲੇ ਪੰਜਾਬ ਦੀ ਸਾਰੀ ਧਰਤੀ 'ਤੇ 'ਗੁਰੂ ਮਹਿਮਾ ਦਾ ਗਾਇਨ' ਸੀ, ਜੋ ਸ਼ੇਖ ਮਾਸੂਮ ਲਈ ਅਸਹਿ ਸੀ। ਇਸਲਾਮੀ ਰਾਜ ਵਿੱਚ ਕਾਫ਼ਰ ਧਰਮ ਦਾ ਪ੍ਰਕਾਸ਼ ਉਸ ਲਈ ਕਿਆਮਤ ਦੇ ਦਿਨ ਵਰਗਾ ਹੀ ਸੀ। ਉਹ ਗੁਰੂ ਪਾਤਸ਼ਾਹ ਵਿਰੁੱਧ ਸਖ਼ਤ ਕਦਮ ਚੁਕਣ ਦੇ ਹੱਕ ਵਿੱਚ ਸੀ। ਗੁਰੂ ਪਾਤਸ਼ਾਹ ਦੀਆਂ ਧਰਮ ਪ੍ਰਚਾਰ ਲਈ ਯਾਤਰਾਵਾਂ ਨੂੰ ਉਹ ਇਸਲਾਮ ਅਤੇ ਇਸਲਾਮਕ ਸਰਕਾਰ ਵਿਰੁੱਧ ਪ੍ਰਚਾਰ ਮੰਨਦਾ ਸੀ। ਉਸ ਨੇ ਸਿੱਖ ਧਰਮ ਨੂੰ ਤਕੜੇ ਹਥੀਂ ਨਜਿੱਠਣ ਦਾ ਮਨ ਬਣਾਇਆ ਅਤੇ ਇਸਲਾਮਕ ਫ਼ਤਵਿਆਂ ਨੂੰ ਆਪਣੀ ਰੰਗਤ ਦੇ ਕੇ ਸ਼ਾਹੀ ਫ਼ੁਰਮਾਨ ਵਜੋਂ ਜਾਰੀ ਕਰਵਾਉਣ ਵਿੱਚ ਸਫਲ ਹੋ ਗਿਆ। ਇਕ ਫ਼ਤਵਾ ਉਦਾਹਰਣ ਲਈ ਪੇਸ਼ ਹੈ :

ਅੱਲਾਹ ਬਿਨਾ ਹੋਰ ਕੋਈ ਖ਼ੁਦਾ ਨਹੀਂ ਅਤੇ
ਮੁਹੰਮਦ ਸਾਹਿਬ ਹੀ ਅੱਲਾਹ ਦਾ ਸੁਨੇਹਾ ਦੇਣ ਵਾਲਾ ਪੈਗ਼ੰਬਰ ਹੈ।
ਇਸ ਕਲਮੇ 'ਤੇ ਯਕੀਨ ਰਖਣ ਵਾਲਾ ਮੋਮਿਨ (ਇਮਾਨ ਵਾਲਾ)

ਅਤੇ ਇਸਨੂੰ ਨਾ ਮੰਨਣ ਵਾਲਾ ਕਾਫ਼ਰ (ਨਾਸਤਕ) ਹੈ।
ਅੱਲਾਹ ਦੀ ਸ਼ਾਨ ਨੂੰ ਰੁਸ਼ਨਾਉਣ ਲਈ ਮੋਮਿਨ ਦਾ ਫ਼ਰਜ਼ ਹੈ ਕਿ
ਉਹ ਕਾਫ਼ਰਾਂ ਦੀ ਹਥਿਆਰਬੰਦ (ਦਾਰੁਲ-ਹਰਬ) ਦੁਨੀਆ ਨੂੰ
ਸ਼ਾਂਤੀ ਦੀ ਦੁਨੀਆ (ਦਾਰੁਲ-ਇਸਲਾਮ) ਵਿੱਚ ਤਬਦੀਲ ਕਰਨ ਲਈ
ਧਰਮ-ਯੁੱਧ (ਜਹਾਦ) ਕਰਨ।

ਮੁਗ਼ਲੀਆ ਹਕੂਮਤ ਵਿੱਚ ਜਦੋਂ-ਜਦੋਂ ਵੀ ਬਾਦਸ਼ਾਹ ਨਕਸ਼ਬੰਦੀ ਸਕੂਲ ਦਾ ਧਾਰਨੀ ਬਣਿਆ ਤਾਂ ਸਿੱਖ ਧਰਮ ਲਈ ਸਖ਼ਤੀਆਂ ਦਾ ਦੌਰ ਸ਼ੁਰੂ ਹੋਇਆ। ਜਹਾਂਗੀਰ ਨੂੰ ਚੜ੍ਹਾਈ ਗਈ ਕਟੜਤਾ ਦੀ ਪੁਠ ਵਿੱਚ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਸਾਹਮਣੇ ਆਈ ਸੀ ਅਤੇ ਹੁਣ ਔਰੰਗਜ਼ੇਬ ਦੇ ਇਸ ਸਿਲਸਿਲੇ ਨੂੰ ਸਿਰ ਨਵਾਉਣ ਵਿਚੋਂ ਜੋ ਸਾਹਮਣੇ ਆਉਣਾ ਸੀ, ਉਹ ਪ੍ਰਤੱਖ ਤੌਰ 'ਤੇ ਨਜ਼ਰ ਆਉਣ ਲੱਗਾ।

ਕਸ਼ਮੀਰੀ ਪੰਡਤਾਂ ਦੀ ਫ਼ਰਿਆਦ

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਮੋੜ ਉਸ ਵੇਲੇ ਕੱਟਿਆ ਗਿਆ ਜਦੋਂ 1675 ਈ. ਨੂੰ ਕਸ਼ਮੀਰੀ ਪੰਡਤਾਂ ਦਾ ਇਕ ਵਫਦ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਆਣ ਪਹੁੰਚਿਆ। ਕਸ਼ਮੀਰ ਹਿੰਦੂ ਵਿਦਵਤਾ ਦਾ ਸਰਵਉੱਚ ਅਸਥਾਨ ਸੀ। ਕਸ਼ਮੀਰੀ ਪੰਡਤ ਆਪਣੀ ਵਿਦਵਤਾ ਕਾਰਣ ਉੱਤਰੀ ਭਾਰਤ ਦੇ ਹਿੰਦੂਆਂ ਵਿੱਚ ਸਰਵਉੱਚ ਸਥਾਨ ਰਖਦੇ ਸਨ।

ਕਸ਼ਮੀਰ ਦਾ ਸੂਬੇਦਾਰ ਸ਼ੈਫ਼ਖ਼ਾਨ ਸੀ ਜੋ ਦਰਵੇਸ਼ ਸੁਭਾਅ ਦਾ ਮਾਲਕ ਸੀ। ਹਿੰਦੂ ਅਤੇ ਮੁਸਲਮਾਨਾਂ ਵਿੱਚ ਫਰਕ ਕਰਨਾ ਉਸ ਦੀ ਮਾਨਸਿਕਤਾ ਦਾ ਹਿੱਸਾ ਹੀ ਨਹੀਂ ਸੀ। ਕੁਲ ਕਸ਼ਮੀਰੀ ਪਰਜਾ ਉਸ ਦਾ ਸਤਿਕਾਰ ਕਰਦੀ ਸੀ। ਪਰ ਔਰੰਗਜ਼ੇਬ ਉਸ ਦੇ ਨਿਮਰ ਸੁਭਾਅ ਅਤੇ ਹਿੰਦੂਆਂ ਪ੍ਰਤੀ ਦਿਖਾਈ ਜਾਂਦੀ ਦਿਆਲਤਾ ਕਰਕੇ ਉਸਨੂੰ ਬਹੁਤ ਨਫ਼ਰਤ ਕਰਦਾ ਸੀ। 1671 ਈ. ਨੂੰ ਔਰੰਗਜ਼ੇਬ ਨੇ ਸ਼ੈਫ਼ਖ਼ਾਨ ਨੂੰ ਸੂਬੇਦਾਰੀ ਤੋਂ ਹਟਾ ਕੇ, ਇਫ਼ਤਖ਼ਾਰ ਖ਼ਾਨ ਨੂੰ ਸ਼ੇਰ ਅਫ਼ਗ਼ਾਨ ਦੀ ਉਪਾਧੀ ਦੇ ਕੇ ਕਸ਼ਮੀਰ ਦਾ ਸੂਬੇਦਾਰ ਲਾ ਦਿੱਤਾ ਅਤੇ ਆਪਣੇ ਮਿਸ਼ਨ ਦੀ ਜਾਣਕਾਰੀ ਵੀ ਦੇ ਦਿੱਤੀ। ਸੂਬੇਦਾਰ ਬਣਦਿਆਂ ਹੀ ਉਸਨੇ ਦਮਨਕਾਰੀ ਚੱਕਰ ਚਲਾਇਆ, ਸਖ਼ਤੀ ਦਾ ਅਜਿਹਾ ਦੌਰ ਚਲਾਇਆ ਕਿ ਹਜ਼ਾਰਾਂ ਹੀ ਹਿੰਦੂਆਂ ਨੂੰ ਧੱਕੇ ਨਾਲ ਮੁਸਲਮਾਨ ਬਣਾ ਦਿੱਤਾ। ਇਸ ਨਾਲ ਕਸ਼ਮੀਰ ਵਿੱਚ ਹਾਹਾਕਾਰ ਮਚ ਗਈ। ਬੇਬਸੀ ਦੇ ਆਲਮ ਵਿੱਚ ਕੋਈ ਰਾਹ ਨਜ਼ਰ ਨਾ ਆਇਆ। ਅੰਤ ਕੁਝ ਪ੍ਰਤੀਨਿਧ ਹਿੰਦੂ



ਗੁਰੂ ਨਾਨਕ ਪਾਤਸ਼ਾਹ ਦੇ ਸ਼ਰਧਾਲੂ ਸਿੱਖ ਬ੍ਰਹਮ ਦਾਸ ਦੇ ਪੜਪੋਤਰੇ ਕਿਰਪਾ ਰਾਮ ਜੀ ਦੀ ਸ਼ਰਣ ਵਿੱਚ ਜਾ ਪਹੁੰਚੇ। ਉਸਨੇ ਮੁਕਤੀ ਦੇ ਇਕੋ-ਇਕ ਘਰ ਨਾਨਕ ਦਰਬਾਰ ਵੱਲ ਇਸ਼ਾਰਾ ਕੀਤਾ। ਉਸਨੇ 16 ਮੈਂਬਰੀ ਵਫਦ ਨੂੰ ਨਾਲ ਲੈ ਕੇ ਅਨੰਦਪੁਰ ਦੀ ਧਰਤੀ 'ਤੇ ਗੁਰੂ ਪਾਤਸ਼ਾਹ ਨੂੰ ਨਮੋ ਕੀਤਾ ਅਤੇ ਸਮੁੱਚੇ ਕਸ਼ਮੀਰ ਦੇ ਹਾਲਾਤਾਂ ਨੂੰ ਬਿਆਨ ਕੀਤਾ। ਇਸ ਮੁਲਾਕਾਤ ਨੂੰ ਭੱਟ ਵਹੀ ਮੁਲਤਾਨੀ ਸਿੰਧੀ ਵਿੱਚ ਇਸ ਤਰ੍ਹਾਂ ਰੂਪਮਾਨ ਕੀਤਾ ਗਿਆ ਹੈ :

ਭਾਈ ਕ੍ਰਿਪਾ ਰਾਮ ਬੇਟਾ ਅੜੂਰਾਮ ਕਾ, ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮ ਦਾਸ ਕਾ,
ਬੰਸ ਠਾਕਰ ਕਾ, ਦਤ ਗੋਤਰਾ, ਮੁਝਾਲ ਬ੍ਰਾਹਮਣ ਵਾਸੀ ਮਟਨ ਦੇਸ਼ ਕਸ਼ਮੀਰ
ਸੰਮਤ ਸਤਰਾਂ ਸੈ ਬਤੀਸ, ਜੇਠ ਮਾਸੇ ਸੁਦੀ ਇਕਾਦਸ਼ੀ ਕੇ,
ਇਹੁ ਖੋੜਸ ਬ੍ਰਾਹਮਣੋਂ ਗੈਲ ਦਰਬਾਰ ਆਇ ਫਰਿਆਦੀ ਹੋਇਆ।
ਗੁਰੂ ਜੀ ਨੇ ਇਸ ਧੀਰਜ ਦਈ, ਬਚਨ ਹੋਆ ਤੁਸਾਂ ਕੀ ਰਖਸ਼ਾ ਬਾਬਾ ਨਾਨਕ ਜੀ ਕਰੇਗਾ।



ਸਿੱਖ ਰਵਾਇਤ ਹੈ ਕਿ ਬ੍ਰਾਹਮਣਾਂ ਦੀ ਇਸ ਫ਼ਰਿਆਦ ਦੇ ਸਮੇਂ ਜਦੋਂ ਸਾਰੇ ਗੰਭੀਰ ਮੁਦਰਾ ਵਿੱਚ ਵਿਚਾਰਲੀਨ ਸਨ ਤਾਂ ਬਾਲ ਗੋਬਿੰਦ, ਗੁਰੂ ਦਰਬਾਰ ਵਿੱਚ ਪਹੁੰਚ ਕੇ, ਗੰਭੀਰ ਚਿਤ ਬੈਠੀ ਸਾਧ ਸੰਗਤ ਨੂੰ ਵੇਖ ਕੇ ਹੈਰਾਨ ਹੋ ਗਏ। ਆਪ ਨੇ ਗੁਰੂ ਪਿਤਾ ਕੋਲੋਂ ਸੰਜੀਦਗੀ ਦਾ ਕਾਰਣ ਪੁੱਛਿਆ। ਗੁਰੂ ਬਾਬੇ ਨੇ ਕਸ਼ਮੀਰੀ ਪੰਡਤਾਂ ਦੀ ਵਿਥਿਆ ਸੁਣਾ, ਇਹ ਬਚਨ ਕੀਤਾ ਕਿ ਇਹਨਾਂ ਦੇ ਬਚਾਅ ਲਈ ਕਿਸੇ ਮਹਾਂਪੁਰਖ ਦੀ ਕੁਰਬਾਨੀ ਲਾਜ਼ਮੀ ਹੈ। ਬਾਲ ਗੋਬਿੰਦ ਜੀ ਨੇ ਗੁਰੂ ਪਾਤਸ਼ਾਹ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਆਪ ਤੋਂ ਵੱਧ ਯੋਗ ਮਹਾਂਪੁਰਖ ਕੌਣ ਹੋ ਸਕਦਾ ਹੈ। ਗੁਰੂ ਸਾਹਿਬ ਪ੍ਰਸੰਨ ਹੋਏ ਅਤੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਸੂਬੇਦਾਰ ਨੂੰ ਕਹਿ ਦੇਣ ਕਿ ਉਹ ਧਰਮ ਛੱਡਣ ਲਈ ਤਿਆਰ ਹਨ, ਬਸ਼ਰਤੇ ਕਿ ਗੁਰੂ ਤੇਗ਼ ਬਹਾਦਰ ਜੀ ਨੂੰ ਇਸਲਾਮ ਕਬੂਲਣ ਲਈ ਮਨਾ ਲਿਆ ਜਾਵੇ।

ਖ਼ੁਫ਼ੀਆ ਅਹਿਲਕਾਰਾਂ ਨੇ ਬ੍ਰਾਹਮਣਾਂ ਦੇ ਕਸ਼ਮੀਰ ਪਹੁੰਚਣ ਤੋਂ ਪਹਿਲਾਂ ਹੀ ਕਸ਼ਮੀਰੀ ਪੰਡਤਾਂ ਦੀ ਗੁਰੂ ਤੇਗ਼ ਬਹਾਦਰ ਜੀ ਨਾਲ ਮੁਲਾਕਾਤ ਅਤੇ ਗੁਰੂ ਸਾਹਿਬ ਦੇ ਸੁਨੇਹੇ ਨੂੰ ਔਰੰਗਜ਼ੇਬ ਕੋਲ ਪਹੁੰਚਾ ਦਿੱਤਾ, ਜੋ ਉਸ ਵੇਲੇ ਹਸਨ ਅਬਦਾਲ ਵਿੱਚ ਸੀ। ਬਾਦਸ਼ਾਹ ਨੇ ਤੁਰੰਤ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ :

ਤੇਗ਼ ਬਹਾਦਰ ਰਾ ਗ੍ਰਿਫ਼ਤਾਰ, ਮੁਕਯਦ ਉ ਮਹਿਬੂਸ ਦਰੰਦ

ਇਸ ਹੁਕਮ ਦੀ ਤਾਮੀਲ ਹੋਈ ਅਤੇ ਸਰਹਿੰਦ ਦੇ ਸੂਬੇਦਾਰ ਦਿਲਾਵਰ ਖ਼ਾਂ ਨੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖ਼ਾਂ ਨੂੰ ਇਸ ਸਬੰਧੀ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਨੇ ਇਧਰ ਸ਼ਹਾਦਤ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਅਤੇ ਦਿੱਲੀ ਵੱਲ ਚਾਲੇ ਪਾ ਦਿੱਤੇ। ਪਰ ਅਜੇ ਉਹ ਰੋਪੜ ਦੇ ਇਕ ਪਿੰਡ ਮਲਕਪੁਰ ਰੰਘੜਾਂ ਵਿੱਚ ਹੀ ਸਨ ਕਿ ਗੁਪਤਚਰਾਂ ਦੀ ਰਿਪੋਰਟ 'ਤੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਗੱਲ ਦੀ ਪੁਸ਼ਟੀ ਭੱਟ ਵਹੀ ਇਸ ਤਰ੍ਹਾਂ ਕਰਦੀ ਹੈ :

ਗੁਰੂ ਤੇਗ਼ ਬਹਾਦਰ ਜੀ ਮਹੱਲ ਨਾਮਾਂ ਕੋ
ਨੂਰ ਮੁਹੰਮਦ ਖ਼ਾਨ ਮਿਰਜ਼ਾ ਚੌਕੀ ਰੋਪੜ ਵਾਲੇ ਨੇ
ਸਾਲ ਸਤਰਾ ਸੈ ਬਤੀਸ ਸਾਵਨ ਪ੍ਰਵਿਸਟੇ ਬਾਰਾਂ
ਮਲਕਪੁਰ ਪਰਗਨਾ ਘਨਉਲਾ ਸੇ ਪਕੜ ਕਰ ਸਰਹੰਦ ਪਹੁੰਚਾਇਆ,
ਸਾਥ ਸਤੀ ਦਾਸ ਮਤੀ ਦਾਸ ਬੇਟੇ ਹੀਰਾ ਮਲ ਛਿਬੜ ਕੇ,
ਸਾਥ ਦਿਆਲ ਦਾਸ ਬੇਟਾ ਮਾਈ ਦਾਸ ਬਲਉਤ ਕਾ ਪਕੜਿਆ ਆਇਆ,
ਚਾਰ ਮਾਹ ਸਰਹੰਦ ਔਰ ਦਿੱਲੀ ਬੰਦੀ ਖ਼ਾਨੇ ਮੇ ਰਹੇ।

ਸ਼ਹਾਦਤ

ਸਮਕਾਲੀ ਸ੍ਰੋਤਾਂ ਅਨੁਸਾਰ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸਿੱਖਾਂ ਸਮੇਤ ਲੰਮਾ ਸਮਾਂ ਸਰਹਿੰਦ ਵਿਖੇ ਕੈਦ ਰਖਿਆ ਗਿਆ। ਮੁਗ਼ਲ ਬਾਦਸ਼ਾਹ ਦਾ ਅਗਲਾ ਹੁਕਮ ਅਜੇ ਆਉਣਾ ਬਾਕੀ ਸੀ। ਔਰੰਗਜ਼ੇਬ ਨੇ ਅਗਲਾ ਹੁਕਮ ਵੀ ਭੇਜਣ ਵਿੱਚ ਕੁਤਾਹੀ ਨਾ ਕੀਤੀ। ਹੁਕਮ ਸੀ :

ਹੁਕਮੇ ਦੀਗਰ ਦਰ ਬਾਰਾਇ ਤੇਗ਼ ਬਹਾਦਰ ਰਸੀਦ
ਕਿ ਊ ਰਾ ਕੁਸ਼ਤਾ ਵਾ ਜਿਸਦਸ ਰਾ ਚੰਦ ਹਿੱਸਾ ਨਮੂਦਾ ਅਤਰਾਫ਼ਿ
ਸ਼ਹਿਰ ਬਿਵਾਜੇਵੰਦ, ਹਸਬਉਲ ਹੁਕਮ ਬਵਕੂਹ ਪੈਵਸਤ

'ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਕਤਲ ਕਰਕੇ ਉਨ੍ਹਾਂ ਦੇ ਜਿਸਮ ਦੇ ਟੁਕੜੇ-ਟੁਕੜੇ ਕਰ ਸ਼ਹਿਰ ਦੇ ਆਲੇ-ਦੁਆਲੇ ਟੰਗ ਦਿੱਤੇ ਜਾਣ।'

ਇਹ ਹੁਕਮ ਮਿਲਦੇ ਹੀ ਨਵੰਬਰ ਦੀ 5 ਤਾਰੀਖ਼ 1675 ਈ. ਨੂੰ ਗੁਰੂ ਸਾਹਿਬ ਨੂੰ ਸਿੱਖਾਂ ਸਮੇਤ ਦਿੱਲੀ ਭੇਜ ਦਿੱਤਾ ਗਿਆ। ਦਿੱਲੀ ਦੇ ਨਾਜ਼ਿਮ ਅਤੇ ਮੁੱਖ ਕਾਜ਼ੀ ਨੇ ਕਿਸੇ ਵੀ ਲੁਕ-ਲੁਕਾਅ ਤੋਂ



ਬਿਨਾ ਗੁਰੂ ਸਾਹਿਬ ਸਾਹਮਣੇ ਤਿੰਨ ਸ਼ਰਤਾਂ ਰਖੀਆਂ :

* ਕੋਈ ਕਰਾਮਾਤ ਦਿਖਾਓ
* ਇਸਲਾਮ ਕਬੂਲ ਕਰੋ
* ਮਰਨ ਲਈ ਤਿਆਰ ਰਹੋ



ਨਾਜ਼ਿਮ ਅਤੇ ਕਾਜ਼ੀ ਦੀ ਜ਼ੋਰ ਅਜਮਾਇਸ਼ ਕਿਸੇ ਕੰਮ ਨਾ ਆਈ। ਆਪ ਨੂੰ ਕੋਤਵਾਲੀ ਭੇਜ ਦਿੱਤਾ ਗਿਆ, ਜਿਥੇ ਉਨ੍ਹਾਂ 'ਤੇ ਤਸ਼ਦਦ ਕੀਤਾ ਜਾਂਦਾ ਰਿਹਾ। ਪਰ ਗੁਰੂ ਸਾਹਿਬ ਦੀ ਅਡੋਲਤਾ ਅਤੇ ਦ੍ਰਿੜ੍ਹਤਾ ਸਾਹਮਣੇ ਉਹਨਾਂ ਦੀ ਪੇਸ਼ ਨਾ ਗਈ। ਗੁਰੂ ਸਾਹਿਬ ਨੇ ਸੂਬੇਦਾਰ ਨੂੰ ਕਿਹਾ :

ਯਾਦ ਰਖ ਰੱਬ ਸਭ ਦਾ ਸਾਂਝਾ ਹੈ, ਕਿਆ ਰਾਨਾ ਕਿਆ ਰੰਕ,
ਉਹ ਕਿਸੇ ਇਕ ਫਿਰਕੇ ਕਾ ਨਹੀਂ।
ਉਸ ਸਾਚੇ ਸਾਹਿਬ ਕੋ ਕੋਈ ਐਸਾ ਦੀਨ ਹਰਗਿਜ਼ ਮਨਜ਼ੂਰ ਨਹੀਂ ਹੋਤਾ
ਜੋ ਤਲਵਾਰ ਕੇ ਜੋਰ ਸੇ ਫੈਲਾਇਆ ਜਾਵੇ।
ਯਾਦ ਰਖ, ਆਖਰ ਸਚ ਕੀ ਜੈ ਹੋਏਗੀ,
ਕੁਫ਼ਰ ਕਾ ਭਾਂਡਾ ਚੁਰੱਸਤੇ ਮੇਂ ਫੁਟੇਗਾ।

ਕੋਈ ਪੇਸ਼ ਨਾ ਜਾਂਦੀ ਵੇਖ ਗੁਰੂ ਪਾਤਸ਼ਾਹ ਨੂੰ ਡਰਾਉਣ ਲਈ ਗੁਰੂ ਸਾਹਿਬ ਦੇ ਤਿੰਨੇ ਸਾਥੀਆਂ ਨੂੰ ਸਖ਼ਤ ਤਸੀਹਿਆਂ ਨਾਲ ਸ਼ਹਾਦਤ ਦਾ ਜਾਮ ਪਿਲਾ ਦਿੱਤਾ ਗਿਆ। ਪਰ ਸਿੱਖਾਂ ਅਤੇ ਗੁਰੂ ਸਾਹਿਬ ਦੀ ਨਿਡਰਤਾ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੀ ਸੀ। ਅਖ਼ੀਰ ਸ਼ਾਹੀ ਜੱਲਾਦ ਨੂੰ ਹੁਕਮ ਸੁਣਾ ਦਿੱਤਾ ਗਿਆ। ਗੁਰੂ ਸਾਹਿਬ ਦਾ ਪਾਵਨ ਸੀਸ, ਦਿੱਲੀ ਦੇ ਚਾਂਦਨੀ ਚੌਂਕ ਵਿੱਚ ਧੜ ਤੋਂ ਅਲਗ ਕਰ ਦਿੱਤਾ ਗਿਆ।

ਸ਼ਹਾਦਤ ਦੇ ਪ੍ਰਭਾਵ

* ਸਿੱਖਾਂ ਲਈ ਇਹ ਸ਼ਹੀਦੀ ਜਿੰਦਾ ਮਿਸਾਲ ਹੋ ਨਿਬੜੀ। ਗੁਰੂ ਸਾਹਿਬ ਦੀ ਨਿਰਭੈਤਾ ਸਿੱਖਾਂ ਲਈ ਦੈਵੀ ਗੁਣ ਬਣ ਗਿਆ। ਜਿਸ ਰਾਹ 'ਤੇ ਗੁਰੂ ਆਪ ਤੁਰਦਾ ਹੈ, ਉਸ ਰਾਹ 'ਤੇ ਤੁਰਨੋ ਸਿੱਖ ਕਿਉਂ ਝਿਜਕੇ। ਹੁਣ ਡਰ ਦੀ ਥਾਂ ਸ਼ਹੀਦੀਆਂ ਦਾ ਚਾਉ ਸਿੱਖਾਂ ਨੂੰ ਚੜ੍ਹਣ ਲਗਾ।
* ਸਿੱਖਾਂ ਦੇ ਮਨ ਵਿੱਚ ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਤੋ ਬਾਅਦ ਇਹ ਭਾਵਨਾ ਸੀ ਕਿ ਮੁਗ਼ਲੀਆ ਹਾਕਮ ਆਪਣੇ ਕੀਤੇ 'ਤੇ ਪਛੋਤਾਵਾ ਕਰਦੇ ਹੋਏ ਅਗੇ ਤੋਂ ਅਜਿਹਾ ਗੁਨਾਹ ਕਰਨ

ਤੋਂ ਤੌਬਾ ਕਰ ਲੈਣਗੇ। ਪਰ ਨੌਵੇਂ ਗੁਰੂ ਬਾਬੇ ਦੀ ਸ਼ਹਾਦਤ ਨਾਲ ਹੁਕਮਰਾਨ ਧਿਰ ਅਤੇ ਨਾਨਕ ਚਿੰਤਨ ਦੇ ਅਨੁਯਾਈਆਂ ਵਿੱਚ ਲਕੀਰ ਖਿੱਚੀ ਗਈ।

* 1686 ਈ. ਤੋਂ ਲੈ ਕੇ 1704 ਈ. ਤਕ ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਅਨੇਕਾਂ ਯੁੱਧ ਹੋਏ ਜਿਸ ਵਿੱਚ ਦੁਨੀਆ ਦੇ ਵਿੱਚ ਧਾਕ ਜਮਾਈ ਬੈਠੇ ਮੁਗ਼ਲਈ ਜਰਨੈਲ ਸਿੰਘਾਂ ਹਥੋਂ ਮਾਰੇ ਗਏ ਅਤੇ ਹਰ ਜੰਗ ਵਿੱਚ ਹੋਈ ਹਾਰ ਨੇ ਹੁਕਮਰਾਨਾਂ ਦੇ ਮਾਨ-ਅਭਿਮਾਨ ਨੂੰ ਤੋੜ ਕੇ ਰਖ ਦਿੱਤਾ।
* 1699 ਈ. ਨੂੰ ਦਸਮ ਪਾਤਸ਼ਾਹ ਨੇ ਖ਼ਾਲਸੇ ਦੀ ਸਿਰਜਨਾ ਕਰ ਸਿੱਖਾਂ ਨੂੰ ਨਵਾਂ ਸਰੂਪ ਦੇ ਦਿੱਤਾ ਅਤੇ ਜੂਝ ਮਰਨ ਵਾਲਿਆਂ ਦੀ ਇਕ ਅਜਿਹੀ ਕੌਮੀਅਤ ਤਿਆਰ ਕਰ ਦਿੱਤੀ ਜਿਸਨੇ ਮੌਤ ਨੂੰ ਮਖੌਲਾਂ ਕਰਦੇ ਹੋਏ ਸਤ-ਅਠ ਸੌ ਸਾਲ ਪੁਰਾਣੇ ਮੁਸਲਮਾਨੀ ਰਾਜ ਨੂੰ ਠੀਕਰਾਂ ਵਾਂਗ ਤੋੜ ਦਿੱਤਾ।
* ਖ਼ਾਲਸੇ ਦੀ ਸਿਰਜਨਾ ਤੋਂ ਬਾਅਦ ਸਿੱਖਾਂ ਨੂੰ ਖ਼ੂਨ ਦੀਆਂ ਨਦੀਆਂ ਪਾਰ ਕਰਨੀ ਪਈਆਂ, ਸਿੱਖਾਂ ਦੇ ਸਿਰਾਂ ਦੀਆਂ ਕੀਮਤਾਂ ਨਿਸਚਿਤ ਕਰ ਦਿੱਤੀਆਂ ਗਈਆਂ ਪਰ ਆਪਣੇ ਅਤੁੱਟ ਧਾਰਮਿਕ ਵਿਸ਼ਵਾਸ ਸਦਕਾ ਹਰ ਦੁੱਖ ਨੂੰ ਗੁਰੂ ਭਾਣੇ ਵਿੱਚ ਸਵੀਕਾਰਿਆ। ਖ਼ਾਲਸਾ ਰਾਜ ਦੇ ਝੰਡੇ ਜਮੁਨਾ ਤੋਂ ਲੈ ਕੇ ਅਫ਼ਗ਼ਾਨਿਸਤਾਨ ਤਕ ਲਹਿਰਾ ਦਿੱਤੇ।



ਭਾਈ ਮਤੀ ਦਾਸ ਜੀ

ਭਾਈ ਮਤੀ ਦਾਸ ਜਿਹਲਮ ਜ਼ਿਲੇ ਦੇ ਪਿੰਡ ਕਰਿਆਲਾ (ਮੌਜੂਦਾ ਪਾਕਿਸਤਾਨ) ਦੇ ਵਸਨੀਕ ਸਨ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਸ਼ਹਾਦਤ ਪਾਉਣ ਵਾਲਿਆਂ ਵਿਚੋਂ ਇਨ੍ਹਾਂ ਦਾ ਨੰਬਰ ਪਹਿਲਾ ਸੀ। ਭਾਈ ਮਤੀ ਦਾਸ, ਭਾਈ ਪਰਾਗਾ ਜੀ ਦੇ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਭਾਈ ਕਾਨ੍ਹ ਸਿੰਘ ਨਾਭਾ ਨੇ ਇਨ੍ਹਾਂ ਨੂੰ ਭਾਈ ਸਾਹਿਬ ਦਾ ਪਿਤਾ ਮੰਨਿਆ ਹੈ। ਪਰ ਇਨ੍ਹਾਂ ਦੇ ਪਰਿਵਾਰ ਸਬੰਧੀ ਹੋਈ ਆਧੁਨਿਕ ਖੋਜ ਤੋਂ ਪਤਾ ਲਗਦਾ ਹੈ ਕਿ ਭਾਈ ਮਤੀ ਦਾਸ ਆਪ ਦੇ ਪੜਪੋਤੇ ਸਨ। ਇਨ੍ਹਾਂ ਦੇ ਬੰਸ ਦੀ ਕੜੀ ਇਸ ਤਰ੍ਹਾਂ ਹੈ :

ਭਾਈ ਗੌਤਮ ਜੀ

↓

ਭਾਈ ਪਰਾਗਾ ਜੀ

↓

ਲਖੀ ਦਾਸ ਜੀ


↓

ਹੀਰਾ ਨੰਦ ਜੀ

↓ ↓

ਮਤੀ ਦਾਸ ਜੀ ਸਤੀ ਦਾਸ ਜੀ

ਗੁਰੂ ਹਰਿਗੋਬਿੰਦ ਸਾਹਿਬ ਵੱਲੋਂ 1606 ਈ. ਨੂੰ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ, ਜਿਸ ਵਿੱਚ 'ਨਾਨਕ ਨਾਮ ਲੇਵਾ' ਸਿੱਖਾਂ ਨੂੰ ਹਰਿਮੰਦਰ ਸਾਹਿਬ ਵਿੱਚ ਇਕੱਠੇ ਹੋਣ ਦਾ ਸੰਦੇਸ਼ ਸੀ। ਗੁਰੂ ਪਾਤਸ਼ਾਹ ਦੇ ਹੁਕਮਾਂ ਦੀ ਤਾਮੀਲ ਕਰਨ ਹਿਤ ਇਸ ਪਰਿਵਾਰ ਦੇ ਭਾਈ ਪਰਾਗਾ ਜੀ ਹਰਿਮੰਦਰ ਸਾਹਿਬ ਵਿੱਚ ਪਹੁੰਚੇ ਸਨ। ਗੁਰੂ ਸਾਹਿਬ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਸੀ ਕਿ ਜਦੋਂ ਜ਼ੁਲਮ ਅਤੇ ਸਿਤਮ ਦੀ ਅਤਿ ਹੋ ਜਾਵੇ ਤਾਂ ਜਾਗੀਆਂ ਕੌਮਾਂ ਲਈ ਹਥਿਆਰਬੰਦ ਹੋਣਾ ਲਾਜ਼ਮੀ ਹੋ ਜਾਂਦਾ ਹੈ। ਇਸ ਲਈ ਹੁਣ ਸਮਾਂ ਹਥਿਆਰਬੰਦ ਹੋਣ ਦਾ ਆ ਗਿਆ ਹੈ ਕਿਉਂਕਿ ਪੰਚਮ ਪਾਤਸ਼ਾਹ ਦੀ ਸ਼ਹਾਦਤ ਨਾਲ ਮੁਗ਼ਲਾਂ ਦੇ ਪੱਥਰ ਦਿਲਾਂ 'ਤੇ ਕੋਈ ਫਰਕ ਨਹੀਂ ਪਿਆ। ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਕੀਤੀ ਗਈ ਪੰਜ ਪਿਆਰਿਆਂ ਦੀ ਵਚਿੱਤਰ ਚੋਣ ਵਾਂਗ ਇਥੇ ਵੀ ਗੁਰੂ-




ਘਰ ਲਈ ਆਪਾਂ ਵਾਰਨ ਵਾਲਿਆਂ ਲਈ ਅਵਾਜ਼ ਲਾਈ ਗਈ। ਕੌਮੀਅਤ ਲਈ ਪੰਜ ਸੂਰਮੇ - ਭਾਈ ਪਰਾਗਾ, ਜੇਠਾ, ਲੰਗਾਹ, ਮੋਖਾ ਅਤੇ ਬਿਧੀਚੰਦ ਜੀ ਅੱਗੇ ਆਏ, ਜਿੰਨ੍ਹਾਂ ਦੇ ਅਧੀਨ ਸੌ-ਸੌ ਦੇ ਜੱਥੇ ਦੀ ਸਥਾਪਨਾ ਕਰਕੇ ਭਵਿੱਖਤ ਦੇ ਪ੍ਰੋਗਰਾਮ ਵੱਲ ਇਸ਼ਾਰਾ ਕਰ ਦਿੱਤਾ ਸੀ। ਇਹ "**ਵਖਤੈ ਉਪਰਿ ਲੜਿ ਮੁਏ**" ਦੀ ਲਲਕਾਰੀ ਅਵਾਜ਼ ਵੀ ਸੀ।

ਪੰਜਾਂ ਵਿੱਚ ਪਹਿਲੇ ਉਹੀ ਭਾਈ ਪਰਾਗਾ ਜੀ ਸਨ ਜੋ ਭਾਈ ਮਤੀ ਦਾਸ ਦੇ ਵਡ-ਵਡੇਰੇ ਸਨ। ਸਪਸ਼ਟ ਹੈ ਕਿ ਭਾਈ ਮਤੀ ਦਾਸ ਦੇ ਪਰਿਵਾਰ ਦਾ ਗੁਰੂ-ਘਰ ਨਾਲ ਲੰਮੇ ਸਮੇਂ ਤੋਂ ਰਿਸ਼ਤਾ ਸਥਾਪਤ ਸੀ। ਭਾਈ ਪਰਾਗਾ ਜੀ ਦੇ ਪੁੱਤਰ ਲਖੀਦਾਸ ਅਤੇ ਭਾਈ ਲਖੀਦਾਸ ਦੇ ਪੁੱਤਰ ਭਾਈ ਹੀਰਾਨੰਦ ਵੀ ਪੂਰੀ ਤਰ੍ਹਾਂ ਗੁਰੂ-ਘਰ ਨੂੰ ਸਮਰਪਤ ਸਨ। ਭਾਈ ਹੀਰਾਨੰਦ ਜੀ ਨੇ ਆਪਣੇ ਦੋਵੇਂ ਪੁੱਤਰਾਂ ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਜੀ ਨੂੰ ਵੀ ਗੁਰੂ ਸਾਹਿਬ ਦੀ ਸੇਵਾ ਵਿੱਚ ਲਾ ਦਿੱਤਾ ਸੀ। ਇਹ ਦੋਵੇਂ ਉਸ ਵੇਲੇ ਬਾਲ ਅਵਸਥਾ ਵਿੱਚ ਸਨ। ਛੇਵੇਂ ਪਾਤਸ਼ਾਹ ਇਨ੍ਹਾਂ ਨੂੰ ਬੱਚਿਆਂ ਵਾਂਗ ਪਿਆਰ ਕਰਦੇ ਸਨ।

ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਭਾਈ ਮਤੀ ਦਾਸ ਜੀ ਨੂੰ ਗੁਰੂ-ਘਰ ਦਾ ਦੀਵਾਨ ਨਿਯੁਕਤ ਕੀਤਾ ਗਿਆ ਸੀ। ਜਦੋਂ ਗੁਰੂ ਸਾਹਿਬ ਦੂਰ ਪੂਰਬ ਦੀ ਯਾਤਰਾ 'ਤੇ ਗਏ ਸਨ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਗਵਾਲ ਅਤੇ ਦਿਆਲ ਦਾਸ, ਗੁਰੂ ਸਾਹਿਬ ਦੇ ਨਾਲ ਹੀ ਗਏ ਸਨ। ਇਸ ਤਰ੍ਹਾਂ ਇਹ ਹਰ ਵਕਤ ਗੁਰੂ ਪਾਤਸ਼ਾਹ ਦੇ ਅੰਗ-ਸੰਗ ਹੀ ਵਿਚਰਦੇ। ਕਸ਼ਮੀਰੀ ਪੰਡਤਾਂ ਦੀ ਘਟਨਾ ਉਪ੍ਰੰਤ ਗੁਰੂ ਸਾਹਿਬ ਨਾਲ ਗ੍ਰਿਫ਼ਤਾਰ ਕਰਕੇ ਲਿਆਂਦੇ ਜਾਣ ਵਾਲਿਆਂ ਵਿਚੋਂ ਭਾਈ ਸਾਹਿਬ ਪ੍ਰਮੁੱਖ ਸਨ।

ਦਿੱਲੀ ਵਿੱਚ ਕੈਦ ਸਮੇਂ ਆਪ ਨੇ ਸਾਰੇ ਤਸੀਹਿਆਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਅਤੇ ਗੁਰੂ ਦੇ ਪੂਰੇ-ਸੂਰੇ ਸਿੱਖ ਵਜੋਂ ਉਦਾਹਰਣ ਸਥਾਪਤ ਕੀਤੀ। ਮੈਕਾਲਿਫ਼ ਅਨੁਸਾਰ ਜਦੋਂ ਦਿੱਲੀ ਦੇ ਕਾਜ਼ੀ ਅਤੇ ਸੂਬੇਦਾਰ ਨੇ ਗੁਰੂ ਸਾਹਿਬ ਨਾਲ ਬੇਹੁਰਮਤੀ ਕੀਤੀ ਤਾਂ ਆਪ ਜੀ ਤੋਂ ਸਹਿਣ ਨਾ ਹੋਈ। ਆਪ ਨੇ ਗੁਰੂ ਕੋਲੋਂ ਆਗਿਆ ਮੰਗੀ ਕਿ ਮੈਨੂੰ ਹੁਕਮ ਕਰੋ, ਮੈਂ ਦਿੱਲੀ ਅਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਵਾਂ। ਪਰ ਗੁਰੂ ਸਾਹਿਬ ਨੇ ਸਮਝਾਇਆ ਕਿ ਸਾਨੂੰ ਖਿੜੇ ਮੱਥੇ ਜ਼ੁਲਮਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ, ਇਸ ਵਿਚੋਂ ਹੀ ਮਨੁੱਖ ਜਾਤੀ ਵਿੱਚ ਹਿੰਮਤ ਦੇ ਬੀਜ ਪੈਦਾ ਹੋਣਗੇ।



ਗੁਰੂ ਪਾਤਸ਼ਾਹ ਦੇ ਹੁਕਮ ਨੂੰ ਪ੍ਰਵਾਨ ਕਰਦੇ ਹੋਏ ਆਪ ਨੇ ਆਪਣੇ ਆਪ ਨੂੰ ਸ਼ਹਾਦਤ ਲਈ ਤਿਆਰ ਕਰ ਲਿਆ ਅਤੇ ਅਖ਼ੀਰ ਆਪ ਨੂੰ ਨਵੰਬਰ

1675 ਈ. ਨੂੰ ਗੁਰੂ ਪਾਤਸ਼ਾਹ ਦੇ ਸਾਹਮਣੇ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਆਪ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਇਸ ਤਰ੍ਹਾਂ ਸੰਭਾਲੀ ਗਈ ਹੈ :

ਮਤੀ ਦਾਸ ਕੋ ਕੀਨਿ ਬੁਲਾਵਨਿ, ਦੁਇ ਤਖਤੇ ਮਹਿ ਕਰਯੋ ਬੰਧਾਵਨਿ।
ਹੁਕਮ ਜਲਾਦ ਨਿ ਤਬਹਿ ਉਚਾਰਾ, ਲੈ ਆਰਾ ਸਿਰ ਪਰ ਤਿਸ ਧਾਰਾ।
ਅਰਧੋ ਅਰਧ ਚਿਰਾਇ ਸੁ ਡਾਰਾ, ਪਰਯੋ ਪ੍ਰਿਥੀ ਪਰ ਹ੍ਵੈ ਦੋ ਫਾਰਾ।
ਦੋਨਹੁ ਤਨ ਤੇ ਜਪੁ ਜੀ ਪਢੈ, ਹੇਰਤਿ ਸਭ ਕੇ ਅਚਰਜ ਬਢੈ।

ਭਾਈ ਦਿਆਲਾ ਜੀ

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨਾਲ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹਾਦਤ ਦਾ ਜਾਮ ਪੀਣ ਵਾਲੇ ਦੂਸਰੇ ਸਿੱਖ ਸੂਰਮੇ ਨੂੰ ਇਤਿਹਾਸ ਵਿੱਚ ਭਾਈ ਦਿਆਲਾ ਜੀ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਭਾਈ ਦਿਆਲਾ ਜੀ ਦੇ ਪਿਤਾ ਦਾ ਨਾਮ ਭੱਟ ਵਹੀ ਅਨੁਸਾਰ ਭਾਈ ਮਾਧੀ ਦਾਸ ਸੀ। ਇਨ੍ਹਾਂ ਦੀ ਬੰਸਾਵਲੀ ਇਸ ਤਰ੍ਹਾਂ ਹੈ :



ਭਾਈ ਮੂਲਾ ਜੀ
↓
ਭਾਈ ਬਲੂ ਜੀ
↓
ਭਾਈ ਮਾਧੀ ਦਾਸ ਜੀ
↓
ਭਾਈ ਦਿਆਲਾ ਜੀ

ਕੁਝ ਸਿੱਖ ਇਤਿਹਾਸਕਾਰਾਂ ਨੇ ਭਾਈ ਦਿਆਲਾ ਜੀ ਨੂੰ ਭਾਈ ਮਨੀ ਸਿੰਘ ਜੀ ਦਾ ਭਰਾ ਵੀ ਮੰਨਿਆ ਹੈ ਅਤੇ ਉਨ੍ਹਾਂ ਦਾ ਜਨਮ ਪਟਿਆਲੇ ਰਾਜ ਦੇ ਪਿੰਡ ਦੁਲੱਟ ਨੂੰ ਪ੍ਰਵਾਨ ਕੀਤਾ ਹੈ।

ਭਾਈ ਦਿਆਲਾ ਜੀ ਦੇ ਪਰਿਵਾਰ ਦਾ ਸਬੰਧ ਨਾਨਕ ਘਰ ਨਾਲ ਗੁਰੂ ਅਰਜਨ ਸਾਹਿਬ ਵੇਲੇ ਜੁੜਿਆ ਜਦੋਂ ਭਾਈ ਮੂਲਾ ਜੀ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ ਅਤੇ ਫਿਰ ਗੁਰੂ ਘਰ ਦੇ ਹੋ ਕੇ ਰਹਿ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਉਹ ਬਹੁਤ ਬਿਰਧ ਹੋ ਚੁਕੇ ਸਨ। ਉਹਨਾਂ ਨੇ ਆਪਣੇ ਪੁੱਤਰ ਭਾਈ ਬਲੂ ਜੀ ਨੂੰ ਛੇਵੇਂ ਪਾਤਸ਼ਾਹ ਦੀ ਝੋਲੀ ਵਿੱਚ ਪਾ ਦਿੱਤਾ ਸੀ। ਭਾਈ ਬਲੂ ਜੀ ਇਕ ਬਹੁਤ ਹੀ ਸਿਰਲੱਥ ਯੋਧੇ ਵਜੋਂ ਪ੍ਰਸਿੱਧ ਹੋਏ, ਉਨ੍ਹਾਂ ਨੇ ਗੁਰੂ ਸਾਹਿਬ ਨਾਲ ਸਾਰੇ ਯੁੱਧਾਂ ਵਿੱਚ ਹਿੱਸਾ ਲਿਆ ਅਤੇ ਗੁਰੂ ਘਰ ਵੱਲੋਂ ਹੀ ਮੁਗ਼ਲਾਂ ਵਿਰੁੱਧ ਜੂਝਦੇ ਹੋਏ ਆਪ ਨੇ ਸ਼ਹਾਦਤ ਦੇ ਜਾਮ ਪੀਤੇ। ਇਨ੍ਹਾਂ ਤੋਂ

ਬਾਅਦ ਆਪ ਜੀ ਦਾ ਸਪੁੱਤਰ ਭਾਈ ਮਾਧੀ ਦਾਸ ਗੁਰੂ ਚਰਨਾਂ ਵਿੱਚ ਹਾਜ਼ਰ ਹੋ ਗਿਆ ਅਤੇ ਮਾਧੀ ਦਾਸ ਤੋਂ ਬਾਅਦ ਉਨ੍ਹਾਂ ਦਾ ਪੁੱਤਰ ਭਾਈ ਦਿਆਲਾ ਗੁਰੂ ਪਾਤਸ਼ਾਹ ਦੇ ਚਰਨਾਂ ਦੀ ਧੂੜ ਦਾ ਪਾਤਰ ਹੋ ਨਿਬੜਿਆ। ਗੁਰੂ ਤੇਗ਼ ਬਹਾਦਰ ਜੀ ਉਸਨੂੰ ਆਪਣੇ ਭਰਾ ਤੋਂ ਵੱਧ ਪਿਆਰ ਦਿੰਦੇ। ਪੂਰਬ ਦੀ ਯਾਤਰਾ ਵੇਲੇ ਭਾਈ ਦਿਆਲਾ ਜੀ ਨੂੰ ਪਟਨੇ ਦੀ ਸੰਗਤ ਦਾ ਮੁਖੀ ਥਾਪ ਦਿੱਤਾ ਸੀ ਜਿਥੇ ਉਹ ਲੰਮਾ ਸਮਾਂ ਅਧਿਆਤਮਕ ਗਿਆਨ ਦਾ ਪ੍ਰਸਾਦਿ ਸਿੱਖ ਸੰਗਤਾਂ ਨੂੰ ਵੰਡਦੇ ਰਹੇ। ਗੁਰੂ ਪਾਤਸ਼ਾਹ ਵੱਲੋਂ ਜਾਰੀ ਕੀਤੇ ਗਏ ਹੁਕਮਨਾਮਿਆਂ ਵਿੱਚ ਆਪ ਜੀ ਦੇ ਸਥਾਨ ਦਾ ਸਪਸ਼ਟ ਪ੍ਰਗਟਾਵਾ ਹੋ ਜਾਂਦਾ ਹੈ। ਗੁਰੂ ਸਾਹਿਬ ਦੀ ਇਹ ਪੂਰਬ ਦੀ ਯਾਤਰਾ ਬਹੁਤ ਲੰਮੀ ਹੋ ਚਲੀ ਸੀ। ਗੁਰੂ ਪਾਤਸ਼ਾਹ ਦੇ ਮਹਲ ਮਾਤਾ ਗੁਜਰੀ ਜੀ ਵੀ ਪਟਨੇ ਵਿੱਚ ਹੀ ਸਨ ਅਤੇ ਬਾਲ ਗੋਬਿੰਦ ਦਾ ਪ੍ਰਕਾਸ਼ ਵੀ ਇਸੇ ਸਮੇਂ ਹੋਇਆ ਸੀ। ਗੁਰੂ ਪਾਤਸ਼ਾਹ ਆਪਣੀ ਯਾਤਰਾ ਦੀ ਵਾਪਸੀ ਸਮੇਂ ਸਿੱਧੇ ਪੰਜਾਬ ਪਹੁੰਚ ਗਏ ਸਨ। ਉਥੋਂ ਭਾਈ ਦਿਆਲਾ ਜੀ ਨੂੰ ਹੁਕਮਨਾਮਾ ਜਾਰੀ ਕਰਕੇ ਗੁਰੂ ਪਰਿਵਾਰ ਨੂੰ ਪੰਜਾਬ ਲਿਆਉਣ ਦਾ ਸੰਦੇਸ਼ ਜਾਰੀ ਕੀਤਾ ਸੀ।

ਔਰੰਗਜ਼ੇਬ ਦੇ ਹੁਕਮ ਨਾਲ ਜਦੋਂ 'ਪਾਤਸ਼ਾਹ' ਦਿੱਲੀ ਵਿੱਚ ਲਿਆਂਦੇ ਗਏ ਸਨ ਤਾਂ ਭਾਈ ਦਿਆਲਾ ਜੀ ਗੁਰੂ ਸਾਹਿਬ ਦੇ ਅੰਗ-ਸੰਗ ਸਨ। ਇਥੇ ਸ਼ਾਹੀ ਤਸ਼ੱਦਦ ਦੇ ਬਾਵਜੂਦ ਬੰਦ-ਬੰਦ ਮੁਸਕਰਾ ਕੇ "**ਜੂਝ ਮਰੋਂ ਤਾਂ ਸਾਚ ਪਤੀਜੈ**" ਦੇ ਸਿਧਾਂਤ ਦਾ ਪ੍ਰਗਟਾਵਾ ਆਪ ਨੇ ਕੀਤਾ - ਨਾ ਸਰਕਾਰ ਦਾ ਭੈ, ਨਾ ਮੌਤ ਦਾ ਖ਼ੌਫ਼। ਅੰਤ ਆਪ ਜੀ ਨੂੰ ਗੁਰੂ ਪਾਤਸ਼ਾਹ ਦੇ ਸਨਮੁਖ ਉਬਲਦੀ ਦੇਗ਼ ਵਿੱਚ ਫੜ ਕੇ ਬਿਠਾਉਣ ਲਈ ਸਿਪਾਹੀਆਂ ਨੂੰ ਹੁਕਮ ਕਰ ਦਿੱਤਾ ਗਿਆ। ਪਰ ਉਨ੍ਹਾਂ ਸਿਪਾਹੀਆਂ ਨੂੰ ਟਿਕੇ ਰਹਿਣ ਦਾ ਇਸ਼ਾਰਾ ਕਰਦਿਆਂ ਗੁਰੂ ਸਨਮੁਖ ਖੜ੍ਹੇ ਹੋ ਕੇ, ਬਲ ਦੀ ਯਾਚਨਾ ਕੀਤੀ। ਖ਼ੁਦ ਦੇਗ਼ ਤਕ ਚਲ ਕੇ ਗਏ ਅਤੇ ਵਾਹਿਗੁਰੂ ਦਾ ਅਲਾਪ ਕਰਦਿਆਂ ਦੇਗ਼ ਵਿੱਚ ਬੈਠ ਗਏ। ਆਪ ਸਿੱਖੀ ਦੇ ਅਸੂਲਾਂ ਉੱਤੇ ਦ੍ਰਿੜ੍ਹ ਰਹਿੰਦੇ ਹੋਏ ਮੌਤ ਨੂੰ ਖਿੜੇ ਮੱਥੇ ਪ੍ਰਵਾਨ ਕਰ ਗਏ।



ਭਾਈ ਸਤੀ ਦਾਸ ਜੀ

ਭਾਈ ਸਤੀ ਦਾਸ ਜੀ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਦਰਬਾਰ ਦੇ ਭਾਈ ਨੰਦ ਲਾਲ ਗੋਯਾ ਸਨ - ਉੱਚ ਕੋਟੀ ਦੇ ਵਿਦਵਾਨ, ਅਨੇਕਾਂ ਭਾਸ਼ਾਵਾਂ ਦੀ ਮੁਹਾਰਤ ਅਤੇ ਸਾਰੇ ਧਰਮ ਦਰਸ਼ਨਾਂ ਦੇ ਗਿਆਤਾ। ਆਪ ਭਾਈ ਮਤੀ ਦਾਸ ਜੀ ਦੇ ਛੋਟੇ ਭਰਾ ਸਨ। ਭਾਈ ਮਤੀ ਦਾਸ ਜਿਥੇ ਗੁਰੂ-ਘਰ ਵਿੱਚ

ਦੀਵਾਨ ਦੀ ਸੇਵਾ ਨਿਭਾਉਂਦੇ, ਉਥੇ ਭਾਈ ਸਤੀ ਦਾਸ ਲਿਖਾਰੀ ਦਾ ਕੰਮ ਕਰਦੇ; ਜਿੰਨ੍ਹਾਂ ਵਿੱਚ ਮੁੱਖ ਫ਼ਾਰਸੀ ਭਾਸ਼ਾ ਵਿੱਚ ਅਨੁਵਾਦ ਕਰਨਾ ਸੀ। ਚਾਂਦਨੀ ਚੌਂਕ ਵਿੱਚ ਗ੍ਰਿਫ਼ਤਾਰੀ ਸਮੇਂ ਗੁਰੂ ਸਾਹਿਬ ਨਿਤ ਨਵੀਂ ਬਾਣੀ ਉਚਾਰਦੇ ਸਨ ਅਤੇ ਆਪ ਜੀ ਸਭ ਲਿਖ ਲੈਂਦੇ ਸਨ। ਪਰ ਇਸ ਬਾਣੀ ਨੂੰ ਮੁਗ਼ਲਾਂ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਸੀ ਜਿਸ ਦਾ ਪ੍ਰਗਟਾਅ ਭਾਈ ਕੇਸਰ ਸਿੰਘ ਰਚਿਤ ਬੰਸਾਵਲੀਨਾਮੇ ਵਿੱਚ ਇਸ ਤਰ੍ਹਾਂ ਹੋਇਆ ਹੈ :

ਬਾਣੀ ਜੋ ਸਾਹਿਬ ਕਰਨ ਉਚਾਰ, ਸੋ ਸਤੀਦਾਸ ਨਿਤ ਕਰੇ
ਫਾਰਸੀ ਅਖਰਾਂ ਵਿਚ ਉਤਾਰ।
ਨਿੱਤ ਸਾਹਿਬ ਬਾਣੀ ਉਚਾਰਦੇ ਜਾਣ ਅਤੇ ਸਤੀਦਾਸ ਲਿਖ ਲਿਖ ਰਖਣ ਅਮਾਨ।
ਬਾਣੀ ਬਹੁਤ ਆਹੀ, ਸਤੀਦਾਸ ਪਾਸਿ ਲਿਖੀ ਹੋਈ, ਤੁਰਕਾਂ ਨੇ ਖੋਹ ਲੀਤੀ ਸੋਈ।

ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਭੈ-ਭੀਤ ਕਰਨ ਲਈ ਜੋ ਮੁਗ਼ਲਾਂ ਨੇ ਰਸਤਾ ਚੁਣਿਆ ਸੀ, ਉਨ੍ਹਾਂ ਦੇ ਸਾਹਮਣੇ ਸਿੱਖਾਂ 'ਤੇ ਤਸ਼ੱਦਦ ਕਰਦਿਆਂ ਮੌਤ ਦੇ ਘਾਟ ਉਤਾਰਨਾ ਸੀ। ਇਸੇ ਲੜੀ ਵਿੱਚ ਭਾਈ ਸਤੀ ਦਾਸ ਦੁਆਲੇ ਰੂੰ ਬੰਨ੍ਹ ਦਿੱਤਾ ਤਾਂ ਕਿ ਅੱਗ ਲਾ ਕੇ ਜਿਉਂਦੇ ਸਾੜ ਦਿੱਤਾ ਜਾਵੇ। ਪਰ ਭਾਈ ਸਾਹਿਬ ਨੇ ਸ਼ਹਾਦਤ ਤੋਂ ਪਹਿਲਾਂ ਇਹ ਸ਼ਬਦ ਉਚਾਰੇ ਕਿ ਮੈਨੂੰ ਨਾ ਆਪਣੇ ਸਰੀਰ ਦੀ ਪ੍ਰਵਾਹ ਹੈ ਅਤੇ ਨਾ ਹੀ ਮੌਤ ਦੀ। ਮੈਂ ਅਜਿਹੀ ਮੌਤ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾ ਜਿਹੜੀ ਸੱਚਾਈ ਦੇ ਰਸਤੇ 'ਤੇ ਤੁਰਦਿਆਂ ਪ੍ਰਾਪਤ ਹੋਵੇ। ਇਸ ਤਰ੍ਹਾਂ ਭਾਈ ਸਤੀ ਦਾਸ ਵੀ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।।

(ਗੁ.ਗ੍ਰੰ.ਸਾ.ਪੰਨਾ 1105)

ਦੇ ਮਹਾਂਵਾਕ ਦਾ ਪ੍ਰਤੱਖ ਵਿੱਚ ਪ੍ਰਗਟਾਵਾ ਕਰਦੇ ਹੋਏ ਸ਼ਹਾਦਤ ਦਾ ਜਾਮ ਪੀ ਕੇ, ਆਉਣ ਵਾਲੀਆਂ ਨਸਲਾਂ ਲਈ ਸਿੱਖੀ ਦੇ 'ਸ਼ਾਹਦ' ਬਣ ਗਏ।



ਸਾਹਿਬਜ਼ਾਦਾ ਅਜੀਤ ਸਿੰਘ ਜੀ



ਮੁਝ ਕੋ ਭੀ ਦੀਜੈ ਹੁਕਮ ਕਿ ਜੌਹਰ ਦਿਖਾਊ ਮੈਂ।
ਜਾਏ ਬਲਾ ਸੇ ਜਾਨ ਪੇ ਵਾਪਸ ਨਾ ਆਊਂ ਮੈਂ।
ਜੋਸ਼ਣ ਮੇਂ ਮੈਦਾਂ ਮੇਂ ਕਦਮ ਕੋ ਬੜਾਊਂ ਮੈਂ।
ਨਾਮ ਕਾ ਪੈ ਅਜੀਤ ਹੂੰ, ਜੀਤਾ ਨਾ ਜਾਊਂਗਾ।
ਜੀਤਾ ਤੋ ਖੈਰ ਹਾਰ ਕੇ ਜਿੰਦਾ ਨਹੀ ਆਊਂਗਾ।

ਬਾਬਾ ਅਜੀਤ ਸਿੰਘ ਜੀ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ। ਇਨ੍ਹਾਂ ਦਾ ਜਨਮ ਮਾਤਾ ਸੁੰਦਰ ਕੌਰ ਜੀ ਦੀ ਪਵਿੱਤਰ ਕੁੱਖ ਤੋਂ 1686 ਈ. ਨੂੰ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਹੋਇਆ। ਆਪ ਬਚਪਨ ਤੋਂ ਹੀ ਤੀਖਣ ਬੁੱਧੀ ਦੇ ਮਾਲਕ ਸਨ, ਛੋਟੀ ਅਵਸਥਾ ਵਿੱਚ ਹੀ ਸਰੀਰਕ ਤੌਰ 'ਤੇ ਬਹੁਤ ਬਲਵਾਨ ਸਨ। ਤਲਵਾਰ ਬਾਜੀ ਆਪ ਦਾ ਪਹਿਲਾ ਸ਼ੌਕ ਸੀ। ਗੁਰੂ ਸਾਹਿਬ ਸਾਹਿਬਜ਼ਾਦੇ ਦੀਆਂ ਇਨ੍ਹਾਂ ਖ਼ੂਬੀਆਂ ਨੂੰ ਬਹੁਤ ਪਸੰਦ ਕਰਦੇ ਸਨ ਕਿਉਂਕਿ ਆਪ ਚੇਤੰਨ ਸਨ ਕਿ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੀ ਹਥਿਆਰਬੰਦ ਜੱਦੋ-ਜਹਿਦ ਵਿੱਚ ਅਜਿਹੇ ਸੂਰਮਾਗਤੀ ਵਾਲੇ ਗੁਣ ਹੋਣੇ ਜ਼ਰੂਰੀ ਹਨ।


ਸਾਹਿਬਜ਼ਾਦਾ ਅਜੀਤ ਸਿੰਘ ਜੀ ਖ਼ਾਲਸਾ ਸਾਜਨਾ ਦੇ ਮੌਕੇ 'ਤੇ ਤਕਰੀਬਨ 13 ਵਰ੍ਹੇ ਦੇ ਸਨ। ਖ਼ਾਲਸਾ ਸਿਰਜਨਾ ਦਾ ਸਮੁੱਚਾ ਦ੍ਰਿਸ਼ ਆਪ ਦੀਆਂ ਅੱਖਾਂ ਦੇ ਸਾਹਮਣੇ ਸੰਪੂਰਨ ਹੋਇਆ ਸੀ। ਆਪ ਦੇ ਸਾਹਮਣੇ ਹੀ ਪੰਜ ਸਿੱਖਾਂ ਨੇ ਗੁਰੂ ਦੀ ਤਲਵਾਰ ਸਾਹਮਣੇ ਸਮਰਪਨ ਕਰ ਦਿੱਤਾ ਸੀ ਅਤੇ ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਨੂੰ ਖ਼ਾਲਸੇ ਦਾ ਨਾਂ ਦੇ ਕੇ ਇਕ ਅਜਿਹੀ ਕੌਮ ਤਿਆਰ ਕਰ ਦਿੱਤੀ ਸੀ ਜਿਹੜੀ ਨਿਮਰਤਾ ਦਾ ਪੁੰਜ ਹੁੰਦੀ ਹੋਈ ਵੀ ਸ਼ੇਰ ਵਰਗੀ ਤਾਕਤ ਦੀ ਮਾਲਕ ਬਣ ਚੁਕੀ ਸੀ। ਸਾਹਿਬਜ਼ਾਦੇ ਦੇ ਸਾਹਮਣੇ ਹੀ ਹੋਰ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖਾਂ ਨੇ ਗੁਰੂ ਦੇ ਅੰਮ੍ਰਿਤ ਨੂੰ ਮੁੱਖ ਨਾਲ ਲਾ ਕੇ ਤਿਆਰ-ਬਰ-ਤਿਆਰ ਸ਼ੇਰਾਂ ਵਾਲੀ ਰੂਹ ਆਪਣੇ ਅੰਦਰ ਉਤਾਰ ਲਈ ਸੀ। ਅਜਿਹੇ ਹਾਲਾਤਾਂ ਵਿੱਚ ਸਾਹਿਬਜ਼ਾਦੇ ਅੰਦਰ ਕੁਦਰਤੀ ਹੀ ਉਹ ਸਾਰੇ ਗੁਣ ਆ ਜਾਣੇ ਸਨ ਜਿੰਨ੍ਹਾਂ ਵਿੱਚ ਨਿਮਰਤਾ ਵੀ ਸੀ ਅਤੇ




ਮਾਣ ਨਾਲ ਸਿਰ ਉੱਚਾ ਚੁਕ ਕੇ ਤੁਰਨ ਵਾਲੀ ਮੜ੍ਹਕ ਵੀ।

ਸਾਹਿਬਜ਼ਾਦਾ ਅਜੀਤ ਸਿੰਘ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਖ਼ਾਲਸੇ ਦੀ ਸਾਜਨਾ ਤੋਂ ਪਹਿਲਾਂ ਅਤੇ ਬਾਅਦ ਵਾਲੇ ਅਨੰਦਪੁਰ ਦੀ ਧਰਤੀ 'ਤੇ ਹੋਏ ਯੁੱਧਾਂ ਨੂੰ ਵੇਖਿਆ ਸੀ ਅਤੇ ਸਿਰ ਉੱਚਾ ਚੁੱਕ ਕੇ ਜਿਊਣ ਦੀ ਅਭਿਲਾਸ਼ਾ ਨੂੰ ਆਪਣੇ ਅੰਗ-ਸੰਗ ਹੰਢਾਉਂਦਿਆਂ ਲੜਾਈ ਦੇ ਮੈਦਾਨ ਵਿੱਚ ਆਪਾ ਕੁਰਬਾਨ ਕਰਦੇ ਸਿੰਘ ਸੂਰਮੇ ਰੋਜ਼ਾਨਾ ਆਪ ਦੀ ਅੱਖਾਂ ਅਗੋਂ ਗੁਜ਼ਰਦੇ ਸਨ। ਭਾਈ ਘਨਈਆ ਵਰਗੀਆਂ ਗੁਰਮੁਖ ਰੂਹਾਂ ਦੇ ਸਾਹਾਂ ਦੀ ਖ਼ੁਸ਼ਬੂ ਨੂੰ ਆਪ ਨੇ ਪੂਰੀ ਤਰ੍ਹਾਂ ਮਾਣਿਆ ਸੀ। ਅਜਿਹੇ ਹਾਲਾਤਾਂ ਵਿੱਚ ਕੁਦਰਤੀ ਸੀ ਕਿ ਸਾਰੇ ਦੈਵੀ ਗੁਣ ਆਪ ਵਿੱਚ ਉਤਰ ਚੁਕੇ ਹੋਣ ਜਿੰਨ੍ਹਾਂ ਗੁਣਾਂ ਨੂੰ ਗੁਰੂ ਨਾਨਕ ਚਿੰਤਨ ਵਿੱਚ ਪ੍ਰਗਟਾਇਆ ਹੋਇਆ ਹੈ।

ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਅਨੇਕਾਂ ਯੁੱਧ ਹੋਏ। ਇਨ੍ਹਾਂ ਯੁੱਧਾਂ ਵਿੱਚ ਗੁਰੂ ਪਰਿਵਾਰ ਅਤੇ ਸਿਰਲੱਥ ਸਿੱਖਾਂ ਨੂੰ ਅਨੇਕਾਂ ਔਕੜਾਂ ਵਿਚੋਂ ਵੀ ਗੁਜਰਨਾ ਪਿਆ। ਪਹਾੜੀ ਰਾਜੇ ਅਤੇ ਔਰੰਗਜ਼ੇਬ ਦੀਆਂ ਬਦਰੂਹੀ ਸੈਨਾਵਾਂ ਅਨੈਤਿਕ ਗਠਜੋੜ ਕਰਕੇ ਗੁਰੂ ਤੇ ਖ਼ਾਲਸਾ ਪੰਥ ਨੂੰ ਖਤਮ ਕਰਨ ਲਈ ਜੂਝਦੀਆਂ ਰਹੀਆਂ, ਪਰ ਗੁਰੂ ਸਾਹਿਬ ਦੀ ਅਸੀਸ ਦੇ ਪਾਤਰ ਬਾਬਾ ਬਚਿੱਤਰ ਸਿੰਘ ਵਰਗੇ ਸਿਰਲੱਥ ਯੋਧਿਆਂ ਦੇ ਸਾਹਮਣੇ ਇਸ ਅਨੈਤਿਕ ਗਠਜੋੜ ਦੀਆਂ ਚਾਲਾਂ ਅਸਫਲ ਸਿੱਧ ਹੁੰਦੀਆਂ ਰਹੀਆਂ। ਪਰ ਅਖ਼ੀਰ ਸਤੰਬਰ 1704 ਈ. ਨੂੰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡ ਦਿੱਤਾ। ਸਰਸਾ ਨਦੀ ਪਾਰ ਕਰਦਿਆਂ ਬਹੁਤ ਸਾਰੇ ਸਿੱਖ ਸੂਰਮੇ ਅਤੇ ਗੁਰੂ ਪਰਿਵਾਰ ਵਿੱਛੜ ਗਏ। ਗੁਰੂ ਸਾਹਿਬ ਆਪਣੇ ਦੋਵੇਂ ਵੱਡੇ ਸਾਹਿਬਜ਼ਾਦੇ - ਅਜੀਤ ਸਿੰਘ ਅਤੇ ਜੁਝਾਰ ਸਿੰਘ ਨਾਲ ਚਮਕੌਰ ਵੱਲ ਹੋ ਨਿਕਲੇ। ਇਥੇ ਹੀ ਮੁਗ਼ਲ ਫ਼ੌਜਾਂ ਆਪ ਦਾ ਪਿੱਛਾ ਕਰਦੀਆਂ ਹੋਈਆਂ ਪੁੱਜ ਗਈਆਂ। ਗੁਰੂ ਸਾਹਿਬ ਆਪਣੇ ਚਾਲੀ ਸਿੱਖਾਂ ਨਾਲ ਇਕ ਕੱਚੀ ਗੜ੍ਹੀ ਵਿੱਚ ਚਲੇ ਗਏ ਅਤੇ ਲੜਾਈ ਦੀ ਕਮਾਨ ਆਪਣੇ ਹੱਥ ਸੰਭਾਲ ਲਈ ਅਤੇ ਮੁਗ਼ਲ ਫ਼ੌਜ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ।



ਦਿਨ ਚੜ੍ਹਣ ਵੇਲੇ ਮੁਗ਼ਲ ਟਿੱਡੀ ਦਲ ਵਾਂਗੂੰ ਕੱਚੀ ਗੜ੍ਹੀ ਨੂੰ ਘੇਰੀ ਖੜ੍ਹੇ ਸਨ ਪਰ ਗੁਰੂ ਸਾਹਿਬ ਦਾ ਜਲਾਲ ਤੇ ਭੈਅ ਉਨ੍ਹਾਂ ਦੇ ਮਨ ਵਿੱਚ ਇਸ ਕਦਰ ਵਸਿਆ ਹੋਇਆ ਸੀ ਕਿ ਅੱਗੇ ਹੋ ਕੇ ਗੜ੍ਹੀ ਦਾ ਦਰਵਾਜ਼ਾ ਤੋੜਨ ਦੀ ਹਿੰਮਤ ਕਿਸੇ ਵਿੱਚ ਵੀ ਨਹੀਂ ਸੀ। ਗੁਰੂ ਦੇ ਸਿੱਖਾਂ ਦੇ ਤੀਰਾਂ ਦੀ ਮਾਰ ਸਹਿਣੀ ਬਹੁਤ ਕਠਨ ਸੀ। ਦਿਨ ਦੇ ਚੜ੍ਹਾਅ ਵੇਲੇ ਸਾਹਿਬਜ਼ਾਦਾ ਅਜੀਤ ਸਿੰਘ ਗੁਰੂ ਸਾਹਿਬ ਦੇ ਸਨਮੁਖ ਆ ਖੜ੍ਹੇ ਹੋਏ ਅਤੇ ਯੁੱਧ ਵਿੱਚ



ਜੂਝਣ ਦੀ ਇਜਾਜ਼ਤ ਮੰਗੀ। ਗੁਰੂ ਸਾਹਿਬ ਨੇ ਹੱਸ ਕੇ ਸਾਹਿਬਜ਼ਾਦੇ ਨੂੰ ਗਲ ਨਾਲ ਲਾਇਆ, ਮੱਥਾ ਚੁੰਮਿਆ, ਖ਼ੁਦ ਆਪਣੇ ਹੱਥੀ ਹਥਿਆਰ ਪਹਿਨਾਏ ਅਤੇ ਤਿਆਰ-ਬਰ-ਤਿਆਰ ਕਰਕੇ ਪੰਜ ਸਿੱਖਾਂ - ਈਸ਼ਰ ਸਿੰਘ, ਮੋਹਕਮ ਸਿੰਘ, ਦੇਵਾ ਸਿੰਘ, ਕੀਰਤੀ ਸਿੰਘ ਤੇ ਨੰਦ ਸਿੰਘ ਨੂੰ ਥਾਪੜਾ ਦੇ ਕੇ ਸਾਹਿਬਜ਼ਾਦੇ ਦੇ ਨਾਲ ਲਾੜੀ ਮੌਤ ਨੂੰ ਪਰਨਾਉਣ ਲਈ ਭੇਜ ਦਿੱਤਾ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਅਗਵਾਈ ਵਿੱਚ ਸਿੰਘਾਂ ਨੇ ਮੁਗ਼ਲਾਂ ਨਾਲ ਗਹਿਗੱਚ ਸੰਗਰਾਮ ਰਚਾਇਆ। ਗੁਰੂ ਸਾਹਿਬ ਖ਼ੁਦ ਗੜ੍ਹੀ ਉਪਰੋਂ ਜੰਗੇ-ਮੈਦਾਨ ਦਾ ਹਾਲ ਆਪਣੀਆਂ ਅੱਖਾਂ ਨਾਲ ਵੇਖ ਰਹੇ ਸਨ। ਹੁਕਮਰਾਨ ਫ਼ੌਜਾਂ ਦੇ ਸਿਪਾਹੀ ਕੇਵਲ ਪੈਸੇ ਲਈ ਲੜਦੇ ਸਨ ਅਤੇ ਪੈਸੇ ਲਈ ਲੜਣ ਵਾਲੇ ਲਈ ਆਪਣੀ ਜਾਨ ਦੀ ਸੁਰੱਖਿਆ ਪਹਿਲਾ ਜ਼ਰੂਰੀ ਫ਼ਰਜ਼ ਹੁੰਦਾ ਹੈ। ਪਰ ਸ਼ਾਹਦ ਮਨੁੱਖਤਾ ਲਈ ਜਦੋਂ ਪ੍ਰਚੰਡ ਨਾਦ ਕਰਦੇ ਹਨ ਤਾਂ ਫਿਰ ਉਨ੍ਹਾਂ ਅੱਗੇ ਟਿਕਣਾ ਜਾਂ ਟਿਕਣ ਦੀ ਕੋਸ਼ਿਸ਼ ਕਰਨਾ ਸੰਭਵ ਹੀ ਨਹੀਂ ਹੁੰਦਾ। ਇਹੀ ਵਾਪਰਿਆ ਜਦੋਂ ਬਾਬਾ ਅਜੀਤ ਸਿੰਘ ਜੰਗੇ-ਮੈਦਾਨ ਵਿੱਚ ਉਤਰੇ ਅਤੇ ਯਾ ਅੱਲਾਹ-ਯਾ ਅੱਲਾਹ ਦੀ ਦਰਦਮਈ ਪੁਕਾਰ 'ਤੇ ਭੱਜਦਿਆਂ ਦੀ ਪਿੱਠ ਹੀ ਨਜ਼ਰ ਆਉਂਦੀ ਸੀ। ਇਸ ਸਾਕੇ ਨੂੰ ਅਲਾਹ ਯਾਰ ਖ਼ਾਂ ਜੋਗੀ ਇਸ ਤਰ੍ਹਾਂ ਰੂਪਮਾਨ ਕਰਦਾ ਹੈ :

ਸ਼ਹਿਜਾਦਾਇ ਜੀ ਜਾਹ ਨੇ ਭਾਜੜ ਥੀ ਮਚਾ ਦੀ
ਜੋ ਫੌਜ ਭਜਾਤੀ, ਵੁਹ ਫੌਜ ਭਗਾ ਦੀ
ਬੜ ਚੜ ਕੇ ਤਵੱਕੋ ਸੇ, ਸੁਜਾਇਤ ਜੋ ਦਿਖਾਈ,
ਸਤਿਗੁਰ ਨੇ ਵਹੀ ਕਿਲੇ ਸੇ ਬੇਟੇ ਕੋ ਨਦਾ ਦੀ
ਸ਼ਾਬਾਸ਼ ਪਿਸਰ ਖੂਬ ਦਲੇਰੀ ਸੇ ਲੜੇ ਹੋ
ਹਾਂ ਕਿਉ ਨ ਹੋ ਗੋਬਿੰਦ ਕੇ ਫਰਜੰਦ ਬੜੇ ਹੋ।

ਅਖ਼ੀਰ ਦਸੰਬਰ 1704 ਈ. ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨੇ ਲਾੜੀ ਮੌਤ ਨੂੰ ਪ੍ਰਰਨਾ ਲਿਆ। ਕਲਗੀਆਂ ਵਾਲੇ ਨੇ ਸਾਹਿਬਜ਼ਾਦੇ ਦੀ ਸ਼ਹਾਦਤ ਨੂੰ ਅਖੀਂ ਵੇਖਦਿਆਂ ਰੱਬ ਅੱਗੇ ਸੀਸ ਝੁਕਾ ਕੇ ਜਿਸ ਤਰ੍ਹਾਂ ਸ਼ੁਕਰ ਕੀਤਾ, ਉਸਨੂੰ ਮਿਰਜ਼ਾ ਮੁਹੰਮਦ ਅਬਦੁਲ ਗ਼ਨੀ ਇਸ ਤਰ੍ਹਾਂ ਪ੍ਰਗਟ ਕਰਦਾ ਹੈ :

ਜਾਨਾ ਯੇ ਬਾਪ ਨੇ ਹੂਆ ਕਤਲ ਵੁਹ 'ਪਿਸਰ'


ਸ਼ੁਕਰ ਅਕਾਲ ਪੁਰਖ ਕਾ ਕੀਆ ਝਟ ਉਠਾ ਕੇ ਸਰ
ਔਰ ਅਰਜ਼ ਕੀ ਕਿ ਬੰਦਾ ਪੇ ਕ੍ਰਿਪਾ ਕੀ ਕਰ ਨਜ਼ਰ
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੂਈ
ਬੇਟੇ ਕੀ ਜਾਂ ਧਰਮ ਕੀ ਖਾਤਰ ਫਿਦਾ ਹੂਈ।

ਸਾਹਿਬਜ਼ਾਦਾ ਜੁਝਾਰ ਸਿੰਘ ਜੀ

ਜਬ ਦੇਖ ਯੋ ਜੁਝਾਰ ਸਿੰਘ ਸਮਾਂ ਪਹੂਚਯੋ ਆਨ
ਦੌਰਯੋ ਦਲ ਮੈ ਪਾਇਕੈ ਕਰ ਮੈ ਰਾਹੀ ਕਮਾਨ।

ਬਾਬਾ ਜੁਝਾਰ ਸਿੰਘ ਗੁਰੂ ਦਸਮ ਪਾਤਸ਼ਾਹ ਦੇ ਦੂਜੇ ਸਾਹਿਬਜ਼ਾਦੇ ਸਨ। ਆਪ ਨੇ 1690 ਈ. ਨੂੰ ਅਨੰਦਪੁਰ ਸਾਹਿਬ ਵਿੱਚ ਮਾਤਾ ਜੀਤੋ ਜੀ ਦੀ ਕੁੱਖ ਨੂੰ ਭਾਗ ਲਾਏ। ਉਨ੍ਹਾਂ ਦਾ ਬਚਪਨ ਵੀ ਜੰਗਾਂ-ਯੁੱਧਾਂ ਦੇ ਨਜ਼ਾਰਿਆਂ ਨੂੰ ਮਾਣਦਿਆਂ ਹੀ ਬਤੀਤ ਹੋਇਆ। ਇਸ ਲਈ ਨਿਡਰਤਾ ਅਤੇ ਨਿਮਰਤਾ ਦੋਵੇਂ ਗੁਣ ਪੂਰਨ ਰੂਪ ਵਿੱਚ ਆਪ 'ਚ ਵਿਦਮਾਨ ਸਨ। ਆਪਣੇ ਵੱਡੇ ਭਰਾ ਦੀ ਸੰਗਤ ਵਿਚੋਂ ਆਪ ਨੇ ਉਹ ਸਾਰੇ ਗੁਣ ਆਪਣੇ ਅੰਦਰ ਉਤਾਰ ਲਏ ਸਨ ਜਿਹੜੇ ਕਿ ਇਕ ਸੂਰਬੀਰ ਯੋਧੇ ਦੀ ਵਿਲੱਖਣ ਪਛਾਣ ਹੁੰਦੇ ਹਨ।

ਸਾਹਿਬਜ਼ਾਦੇ ਦੇ ਬਚਪਨ ਨਾਲ ਕਈ ਰੋਚਕ ਕਥਾਵਾਂ ਜੁੜੀਆਂ ਹੋਈਆਂ ਹਨ, ਜਿੰਨ੍ਹਾਂ ਵਿਚੋਂ ਸਭ ਤੋਂ ਪ੍ਰਮੁੱਖ ਇਕ ਅਵੈੜ ਘੋੜੇ ਵਾਲੀ ਘਟਨਾ ਨੂੰ ਕਿਹਾ ਜਾਂਦਾ ਹੈ। ਇਕ ਸੁੰਦਰ ਘੋੜਾ ਜਿਸ ਵਿੱਚ ਕਿ ਸ਼ੇਰਾਂ ਵਾਲੀ ਤਾਕਤ ਸੀ, ਗੁਰੂ ਜੀ ਨੂੰ ਇਕ ਅੰਨਿਨ ਸਿੱਖ ਨੇ ਭੇਟਾ ਕੀਤਾ। ਬਹੁਤ ਸਾਰੇ ਯੋਧਿਆਂ ਨੇ ਉਸ ਘੋੜੇ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੀ ਪਿੱਠ 'ਤੇ ਕਿਸੇ ਨੂੰ ਹੱਥ ਨਹੀਂ ਸੀ ਰਖਣ ਦਿੰਦਾ। ਇਕ ਦਿਨ ਸਾਹਿਬਜ਼ਾਦਾ ਜੁਝਾਰ ਸਿੰਘ ਆਪਣੀ ਮੌਜ ਵਿੱਚ ਘੋੜੇ ਦੀ ਪਿੱਠ 'ਤੇ ਜਾ ਬੈਠੇ ਅਤੇ ਘੋੜਾ ਹਵਾ ਨਾਲ ਗਲਾਂ ਕਰਨ ਲਗਾ। ਸਾਰੀ ਸਿੱਖ ਸੰਗਤਾਂ ਇਸ ਘਟਨਾ ਨੂੰ ਵੇਖ ਕੇ ਹੈਰਾਨ ਰਹਿ ਗਈਆਂ ਅਤੇ ਗੁਰੂ ਸਾਹਿਬ ਨੂੰ ਜਾ ਦੱਸਿਆ ਤਾਂ ਜੋ ਕੁਝ ਕੀਤਾ ਜਾ ਸਕੇ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਮੁਸਕਰਾਏ ਅਤੇ ਇਕ ਪਾਸੇ ਵੱਲ ਇਸ਼ਾਰਾ ਕੀਤਾ। ਜਦੋਂ ਸੰਗਤਾਂ ਨੇ ਉਸ ਪਾਸੇ ਮੂੰਹ



ਕਰਕੇ ਵੇਖਿਆ ਤਾਂ ਘੋੜੇ ਦੀ ਸਵਾਰੀ ਕਰਦੇ ਹੋਏ ਸਾਹਿਬਜ਼ਾਦੇ ਚੜ੍ਹਦੀ ਕਲਾ ਵਿੱਚ ਗੁਰੂ ਕੇ ਮਹਿਲ ਵੱਲ ਵਾਪਸ ਆ ਰਹੇ ਸਨ। ਸੋ ਸਪਸ਼ਟ ਹੈ ਕਿ ਨਿਡਰਤਾ, ਬੇਖ਼ੌਫ਼ਤਾ ਅਤੇ ਹੌਂਸਲਾ ਸਾਹਿਬਜ਼ਾਦੇ ਦੇ ਅੰਗ-ਅੰਗ ਵਿੱਚ ਸਮਾਏ ਹੋਏ ਸਨ।

ਇਸ ਤਰ੍ਹਾਂ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਜਦੋਂ ਆਪਣੇ ਵੱਡੇ ਭਰਾ ਨੂੰ ਲੜਾਈ ਦੇ ਮੈਦਾਨ ਵਿੱਚ ਸ਼ਹਾਦਤ ਦਾ ਜਾਮ ਪੀਂਦੇ ਵੇਖ ਲਿਆ ਤਾਂ ਆਪ ਹੱਥ ਜੋੜ ਕੇ ਗੁਰੂ ਪਿਤਾ ਸਾਹਮਣੇ ਜਾ ਖਲੋਤੇ ਅਤੇ ਜੰਗੇ ਮੈਦਾਨ ਵਿੱਚ ਜਾਣ ਦੀ ਆਗਿਆ ਮੰਗੀ।

ਰੁਖ਼ਸਤ ਹਮੇਂ ਦਿਲਵਾਓ ਪਿਤਾ ਜਾਏਂਗੇ ਮਰਨੇ
ਭਾਈ ਸੇ ਬਿਛੜ ਕਰ ਹਮੇਂ ਜੀਨਾ ਨਹੀਂ ਭਾਤਾ
ਸੋਨਾ ਨਹੀਂ, ਖਾਨਾ ਨਹੀਂ, ਪੀਨਾ ਨਹੀਂ ਆਤਾ।

ਗੁਰੂ ਸਾਹਿਬ ਨੇ ਸਾਹਿਬਜ਼ਾਦੇ ਨੂੰ ਗਲ ਨਾਲ ਲਾਇਆ, ਮੱਥਾ ਚੁੰਮਿਆ, ਹਥਿਆਰ ਸਜਾਏ ਅਤੇ ਜੰਗ ਵੱਲ ਤੋਰ ਦਿੱਤਾ, ਜਿਥੇ ਸਾਹਿਬਜ਼ਾਦਾ ਜੁਝਾਰ ਸਿੰਘ ਦਸੰਬਰ 1704 ਈ. ਨੂੰ ਲੜਾਈ ਦੇ ਮੈਦਾਨ ਵਿੱਚ ਦੇਸ਼ ਅਤੇ ਕੌਮ ਦੀ ਮਾਨ-ਮਰਯਾਦਾ ਲਈ ਆਪਣੀ ਜਾਨ ਨਿਛਾਵਰ ਕਰ ਗਏ।

ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਫਤਹਿ ਸਿੰਘ ਤੇ ਮਾਤਾ ਗੁਜਰੀ ਜੀ

ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦਸਮ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦੇ ਸਨ। ਇਹਨਾਂ ਦਾ ਜਨਮ ਵੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਮਾਤਾ ਜੀਤੋ ਜੀ ਦੀ ਕੁਖੋਂ ਹੋਇਆ। ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਕ੍ਰਮਵਾਰ 1696 ਅਤੇ 1698 ਈ. ਨੂੰ ਹੋਇਆ।




ਅਨੰਦਪੁਰ ਦੀ ਅਖੀਰਲੀ ਲੜਾਈ ਸਮੇਂ ਦਸੰਬਰ 1704 ਈ. ਦੀ ਰਾਤ ਨੂੰ ਛੋਟੇ ਸਾਹਿਬਜ਼ਾਦਿਆਂ ਨੇ ਆਪਣੇ ਗੁਰੂ ਪਿਤਾ ਦੇ ਨਾਲ ਅਨੰਦਪੁਰ ਸਾਹਿਬ ਤੋਂ ਚਾਲੇ ਪਾ ਦਿੱਤੇ। ਸਰਸਾ ਨਦੀ ਪਾਰ ਕਰਦਿਆਂ ਗੁਰੂ ਸਾਹਿਬ ਨਾਲੋਂ ਇਹਨਾਂ ਦਾ ਵਿਛੋੜਾ ਪੈ ਗਿਆ :

ਜਬ ਗੁਰ ਪੁਰ ਅਨੰਦ ਤਜ ਨਿਕਸੇ ਸਰਸਾ ਨਦਿ ਤਟ ਆਏ
ਭਾਰੀ ਭੀਰ ਪਰੀ ਥੀ ਤਹਿ, ਸੋ ਵਰਨੀ ਨਹਿ ਜਾਇ।
ਚਿਤਵਨ ਤੈ ਚਿਤ ਚੀਰ ਲਗਤ ਹੈ ਨੈਨ ਨੀਰ ਪਰ ਐਹੈਂ
ਕਿਤ ਗੁਰ ਮਹਿਲ ਪੂਤ ਕਿਤ ਜਨਨੀ, ਬਿਛਰੇ ਕਿਤੈ ਕਿਤੈ ਹੈ।

ਗੁਰੂ ਸਾਹਿਬ ਚਮਕੌਰ ਵੱਲ ਨਿਕਲ ਗਏ ਅਤੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਦੂਜੇ ਪਾਸੇ ਨਿਕਲ ਪਏ। ਹਨੇਰੀ ਰਾਤ ਵਿੱਚ ਭਿਆਨਕ ਤੂਫ਼ਾਨ ਦਾ ਸਾਹਮਣਾ ਕਰਦਿਆਂ ਹੋਇਆ ਅਜਿਹਾ ਵਾਪਰ ਜਾਣਾ ਸੁਭਾਵਕ ਸੀ। ਮਾਤਾ ਜੀ ਆਪਣੇ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਦੇ ਨਾਲ ਉਸ ਦੇ ਪਿੰਡ ਸੇਹੜੀ ਵੱਲ ਨੂੰ ਚਲ ਪਏ ਜਿਹੜਾ ਕਿ ਉਥੋਂ ਕੁਝ ਮੀਲ ਦੀ ਵਿੱਥ 'ਤੇ ਹੀ ਸੀ। ਗੰਗੂ ਦੇ ਘਰ ਪਹੁੰਚ ਕੇ ਬੱਚਿਆਂ ਸਮੇਤ ਮਾਤਾ ਜੀ ਨੇ ਘਰ ਦੀ ਇਕ ਹਨੇਰ ਕੋਠਗੀ ਵਿੱਚ ਉਤਾਰਾ ਕੀਤਾ ਤਾਂ ਜੋ ਮੁਗ਼ਲਾਂ ਦੇ ਸੂਹੀਆਂ ਨੂੰ ਉਹਨਾਂ ਦੀ ਆਮਦ ਦਾ ਪਤਾ ਨਾ ਲਗ ਜਾਵੇ। ਗੰਗੂ ਬ੍ਰਾਹਮਣ ਦੀ ਮਾਂ, ਮਾਤਾ ਗੁਜਰੀ ਅਤੇ ਬੱਚਿਆਂ ਦੇ ਵਾਰੇ-ਵਾਰੇ ਜਾ ਰਹੀ ਸੀ। ਗ਼ਮ ਅਤੇ ਗੁੱਸੇ ਨਾਲ ਉਸ ਦੀਆਂ ਅੱਖਾਂ ਵਿਚੋਂ ਅਥਰੂ ਵਹਿ ਰਹੇ ਸਨ। ਅਥਰੂਆਂ ਵਿੱਚ ਬੇਬਸੀ ਦਾ ਪ੍ਰਗਟਾਵਾ ਸਪਸ਼ਟ ਸੀ। ਮਾਤਾ ਗੁਜਰੀ ਜੀ ਨੇ ਉਸ ਨੂੰ ਗਲ ਨਾਲ ਲਾਇਆ ਅਤੇ ਪ੍ਰਭੂ ਦੇ ਭਾਣੇ ਨੂੰ ਸੱਚ ਕਰਕੇ ਮੰਨਣ ਦਾ ਆਦੇਸ਼ ਦਿੱਤਾ। ਗੰਗੂ ਬ੍ਰਾਹਮਣ ਨੇ ਮਾਤਾ ਜੀ ਦਾ ਸਮਾਨ ਲਿਜਾ ਕੇ ਅੰਦਰ ਰਖ ਲਿਆ ਅਤੇ ਜਦੋਂ ਉਸਦੀ ਨਿਗਾਹ ਮੋਹਰਾਂ ਨਾਲ ਭਰੀ ਥੈਲੀ 'ਤੇ ਪਈ ਤਾਂ ਉਸਦਾ ਮਨ ਬੇਈਮਾਨ ਹੋ ਗਿਆ।

ਗੰਗੂ ਨੇ ਨੇੜੇ ਦੇ ਪਿੰਡ ਖੇੜੀ ਦੇ ਚੌਧਰੀ ਨਾਲ ਸਲਾਹ ਕਰਕੇ ਮੋਰਿੰਡੇ ਦੇ ਕੋਤਵਾਲ ਨੂੰ ਖ਼ਬਰ ਕਰ ਦਿੱਤੀ, ਜਿਹੜਾ ਮਾਰੋ-ਮਾਰ ਕਰਦਾ ਸਹੇੜੀ ਪਹੁੰਚਿਆ ਅਤੇ ਰਾਤੋ-ਰਾਤ ਹਥਕੜੀਆਂ ਲਾ ਕੇ, ਜੰਜੀਰਾਂ ਪਹਿਨਾ ਕੇ ਬੱਚਿਆਂ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਦੇ ਸਾਹਮਣੇ ਪੇਸ਼ ਕਰ ਦਿੱਤਾ। ਜਦੋਂ ਰਸੋਈਆ ਦੁਸ਼ਮਣ ਹੋ ਜਾਏ ਤਾਂ ਸੁਰੱਖਿਆ ਦੀ ਆਸ ਫ਼ਜ਼ੂਲ ਹੋ ਜਾਂਦੀ ਹੈ।

ਬਡੇ ਸਵੇਰੇ ਪਿੰਡ ਮੋਰਿੰਡੇ ਜਾ ਕੇ ਬਿਪ੍ਰ ਹਰਾਮੀ
ਜਾਨੀ ਮਾਨੀ ਖਾਂ ਢਿਗ ਚੁਗਲੀ ਉਲਟੀ ਦੁਸ਼ਟ ਤਮਾਮੀ
ਸ਼ਾਹੀ ਚੋਰ ਹਮਾਰੇ ਘਰ ਮੈਂ ਆਇ ਲੁਕੇ ਹੈਂ ਬਾਦੀ
ਗੁਰੂ ਗੋਬਿੰਦ ਸਿੰਘ ਦੇ ਛੋਟੇ ਪੁਤ੍ਰ
ਇਕ ਹੈ ਉਨਕੀ ਦਾਦੀ।



ਅਗਲੇ ਦਿਨ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਮਾਤਾ ਗੁਜਰੀ ਜੀ ਨਾਲੋਂ ਵੱਖ ਕਰ ਦਿੱਤਾ ਅਤੇ ਵਜ਼ੀਰ ਖ਼ਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ। ਪੇਸ਼ ਕਰਨ ਤੋਂ ਪਹਿਲਾਂ ਹਰ ਉਹ ਪ੍ਰਬੰਧ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨਾਲ ਉਨ੍ਹਾਂ ਵਿੱਚ ਸਹਿਮ ਛਾ ਜਾਵੇ। ਇਹ ਵੀ ਕੋਸ਼ਿਸ਼ ਕੀਤੀ ਗਈ ਕਿ ਉਹ ਪ੍ਰਭਾਵ ਪੈਦਾ ਹੋ ਜਾਏ ਕਿ ਉਨ੍ਹਾਂ ਨੇ ਈਨ ਮੰਨ ਲਈ

ਹੈ। ਉਦਾਹਰਣ ਵਜੋਂ, ਉਨ੍ਹਾਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਲਈ ਛੋਟੇ ਦਰਵਾਜ਼ੇ ਵਿਚੋਂ ਲੰਘਾਇਆ ਜਿਸ ਦੀ ਕਿ ਛੱਤ ਬਹੁਤ ਨੀਵੀਂ ਸੀ। ਇਹ ਉਹਨਾਂ ਨੂੰ ਜਲੀਲ ਕਰਨ ਦੀ ਵਿਉਂਤ ਸੀ ਕਿਉਂਕਿ ਜਦੋਂ ਸਿਰ ਨੀਵਾਂ ਕਰਕੇ ਲੰਘਣਗੇ ਤਾਂ ਮੰਨਿਆ ਇਹ ਜਾਵੇਗਾ ਕਿ ਉਹਨਾਂ ਨੇ ਝੁੱਕ ਕੇ ਸਲਾਮ ਕੀਤੀ। ਪ੍ਰੰਤੂ ਸਾਹਿਬਜ਼ਾਦਿਆਂ ਨੂੰ ਆਪਣੀ ਵਿਰਾਸਤ ਦੇ ਫ਼ਖ਼ਰ ਦਾ ਖ਼ੁਮਾਰ ਸੀ। ਉਹ ਉਮਰ ਨਾਲੋਂ ਕਿਤੇ ਵੱਡੇ ਸਨ ਅਤੇ ਆਤਮਕ ਤੌਰ 'ਤੇ ਕਿਤੇ ਵੱਧ ਬਲਵਾਨ ਸਨ। ਛੋਟੇ ਦਰਵਾਜ਼ੇ ਤੋਂ ਲੰਘਦਿਆਂ ਸਾਹਿਬਜ਼ਾਦਿਆਂ ਦੇ ਪਹਿਲਾਂ ਪੈਰ ਪਾਉਣੇ ਅਤੇ ਹਾਕਮਾਂ ਨੂੰ ਗੱਜ ਕੇ ਫਤਹਿ ਬੁਲਾਉਣੀ, ਹਕੂਮਤ ਦੇ ਮੂੰਹ 'ਤੇ ਵੱਡੀ ਚਪੇੜ ਸੀ।

ਅਗਲਾ ਦੌਰ ਸਾਹਿਬਜ਼ਾਦਿਆਂ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਨਾਲ ਭਰਮਾਉਣ ਦਾ ਸੀ। ਪਰ ਗੁਰੂ ਨਾਨਕ ਚਿੰਤਨ ਦੇ ਪ੍ਰਭਾਵ ਥੱਲੇ ਅਤੇ ਆਪਣੇ ਦਾਦੇ ਦੀ ਸ਼ਹੀਦੀ ਦੀ ਸਾਹਸ ਨਾਲ ਸਰਸਾਰ ਹੋਈਆਂ ਇਨ੍ਹਾਂ ਰੂਹਾਂ ਨੇ ਵਜ਼ੀਰ ਖ਼ਾਂ ਦੇ ਦਰਬਾਰ ਵਿੱਚ ਉੱਚੀ-ਉੱਚੀ ਹੱਸਦਿਆਂ ਉਸਨੂੰ ਅਤੇ ਉਸਦੇ ਅਹਿਲਕਾਰਾਂ ਨੂੰ ਸ਼ਰਮਸਾਰ ਕਰਕੇ ਰਖ ਦਿੱਤਾ। ਇਸ ਤਰ੍ਹਾਂ ਇਹ ਦਿਨ ਵੀ ਬੀਤ ਗਿਆ ਅਤੇ ਸਾਹਿਬਜ਼ਾਦਿਆਂ ਨੂੰ ਦੁਬਾਰਾ ਮਾਤਾ ਗੁਜਰੀ ਜੀ ਕੋਲ ਠੰਡੇ ਬੁਰਜ ਵਿੱਚ ਭੇਜ ਦਿੱਤਾ। ਬੱਚਿਆਂ ਨੇ ਮਾਤਾ ਜੀ ਨੂੰ ਸਾਰੀ ਵਿਥਿਆ ਵਿਸਤਾਰ ਨਾਲ ਦੱਸੀ। ਦਾਦੀ ਨੇ ਪੋਤਿਆਂ ਨੂੰ ਘੁੱਟ ਕੇ ਗਲ ਲਾਇਆ ਅਤੇ 'ਸਿਰ ਜਾਵੇ ਤਾਂ ਜਾਵੇ ਪਰ ਸਿੱਖੀ ਸਿਦਕ ਨਾ ਜਾਵੇ' ਦਾ ਸੰਦੇਸ਼ ਦਿੰਦਿਆ ਹੋਇਆਂ ਆਪਣੇ ਦਾਦੇ ਦੇ ਰਾਹ 'ਤੇ ਚਲਣ ਦਾ ਆਸ਼ੀਰਵਾਦ ਦਿੱਤਾ।

ਅਗਲੇ ਦਿਨ ਫਿਰ ਉਹੀ ਘਟਨਾਵਾਂ ਵਾਪਰੀਆਂ। ਗੁਰੂ ਦੋਖੀਆਂ ਨੇ ਆਪਣਾ ਰੋਲ ਨਿਭਾਇਆ ਅਤੇ ਸਾਹਿਬਜ਼ਾਦਿਆਂ ਦੀ ਤੁਲਨਾ ਸੱਪ ਦੇ ਬੱਚਿਆਂ ਨਾਲ ਕੀਤੀ, ਉਨ੍ਹਾਂ ਨੂੰ ਸੂਲਾਂ ਦੇ ਮੂੰਹ ਕਿਹਾ ਗਿਆ। ਅਜਿਹਾ ਕਿਰਦਾਰ ਨਿਭਾਉਣ ਵਾਲਿਆਂ ਵਿੱਚ ਸੁੱਚਾ ਨੰਦ ਪ੍ਰਮੁੱਖ ਸੀ ਜਿਹੜਾ ਬਾਅਦ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਹਥੋਂ ਬੁਰੀ ਤਰ੍ਹਾਂ ਮਾਰਿਆ ਗਿਆ ਸੀ। ਇਸੇ ਤਰ੍ਹਾਂ ਬੱਚਿਆਂ ਦੇ ਹੱਕ ਵਿੱਚ ਆਵਾਜ਼ ਉੱਚੀ ਕਰਨ ਵਾਲਾ ਮਲੇਰਕੋਟਲਾ ਦਾ ਨਵਾਬ ਸ਼ੇਰ ਮੁਹੰਮਦ ਖ਼ਾਨ ਵੀ ਸੀ ਜਿਸ ਨੇ ਬੱਚਿਆਂ 'ਤੇ ਕੀਤੀ ਜਾ ਰਹੀ ਸਖ਼ਤੀ ਨੂੰ ਪਵਿੱਤਰ ਕੁਰਆਨ ਦੇ ਅਸੂਲਾਂ ਦੇ



ਵਿਰੁੱਧ ਕਿਹਾ ਅਤੇ ਬਾਅਦ ਵਿੱਚ ਸ਼ੇਰ ਮੁਹੰਮਦ ਖ਼ਾਂ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਦਾ ਪਾਤਰ ਬਣਿਆ। ਉਸ ਦੀ ਉਠਾਈ ਹੋਈ ਅਵਾਜ਼ ਹਮੇਸ਼ਾ-ਹਮੇਸ਼ਾ ਲਈ ਸਿੱਖ ਹਿਰਦਿਆਂ ਵਿੱਚ ਸਮਾ ਚੁਕੀ ਹੈ ਅਤੇ ਅੱਜ ਵੀ ਸਮੁੱਚੀ ਸਿੱਖ ਕੌਮ ਉਸ ਮਨੁੱਖ ਦਾ ਨਾਂ ਸਤਿਕਾਰ ਨਾਲ ਲੈ ਕੇ ਉਸ ਨੂੰ ਸਿਰ ਝੁਕਾਉਂਦੀ ਹੈ। ਪਰ ਸੁੱਚਾ ਨੰਦ ਜਿਸਨੇ ਸਾਹਿਬਜ਼ਾਦਿਆਂ ਨੂੰ ਸੱਪ ਦੇ ਬੱਚੇ ਕਿਹਾ, ਅਜ ਤਕ ਸਮੁੱਚੇ ਸਿੱਖ ਸੰਸਾਰ ਦੀ ਨਫ਼ਰਤ ਦਾ ਪਾਤਰ ਹੈ। ਗੁਰੂ ਬੱਚਿਆਂ ਬਾਰੇ ਵਜ਼ੀਰ ਖ਼ਾਂ, ਸ਼ੇਰ ਮੁਹੰਮਦ ਖ਼ਾਂ ਅਤੇ ਸੁੱਚਾ ਨੰਦ ਦੀ ਜੋ ਗੱਲਬਾਤ ਹੋਈ, ਉਸਦਾ ਵਰਨਣ ਮਹਿਮਾ ਪ੍ਰਕਾਸ਼ ਵਿੱਚ ਇਸ ਤਰ੍ਹਾਂ ਹੈ :

ਸਾਹਿਬਜ਼ਾਦਿਆਂ ਨੂੰ ਦੇਖ ਨਵਾਬ ਬੋਲਿਆ ਤਾ ਨਾਂਹ ਪਰ ਇਰਾਦਾ ਬੁਰਾ ਚਾਹਾ।
ਪਠਾਨ ਮਲੇਰਕੋਟਲੇ ਨੇ ਮਾੜੇ ਇਰਾਦੇ ਤਕ ਕਿਹਾ -
ਇਹ ਸ਼ੀਰ ਖੋਰ ਲੜਕੇ ਹੈਨਿ, ਇਨ ਕੀ ਬਦਲੀ ਚਾਹਨਾ ਬੜਾ ਅਜ਼ਾਬ ਹੈ।
ਇਹ ਬਾਤ ਸੁਣ ਕੇ ਸੂਬੇਦਾਰ ਕੋ ਖੌਫ਼ ਖ਼ੁਦਾ ਦਾ ਹੂਆ
ਸੁਚਾਨੰਦ ਨੇ ਕਿਹਾ : ਇਹ ਸੀਰ ਖੋਰ ਨਾਹੀ, ਸ਼ੇਰ ਕੇ ਬੱਚੇ ਹੈ।
ਜਦ ਸਿਆਣੇ ਹੋਇੰਗੇ ਤਦ ਇਹ ਭੀ ਤੂਫਾਨ ਉਠਾਏਂਗੇ।
ਅਰ ਇਨ ਕੋ ਸਲਾਮ ਕਰਨ ਨੂੰ ਕਹਿ, ਇਹ ਨਹੀਂ ਕਰਨਗੇ।
ਵਜ਼ੀਰ ਖਾਨ ਨੇ ਕਿਹਾ : ਇਨ ਕੋ ਕਹੋ, ਸਲਾਮ ਕਰੋ।
ਸੁਚਾਨੰਦ ਨੇ ਕਿਹਾ : ਜੋ ਸੂਬੇ ਕੋ ਸਲਾਮ ਕਰੋ
ਤਦ ਸਾਹਿਬਜ਼ਾਦਿਆਂ ਬਚਨ ਕੀਆ -
ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ,
ਅਉਰ ਕੋ ਸਲਾਮ ਨਹੀਂ ਕਰਤੇ।
ਸੁਚਾਨੰਦ ਨੇ ਮੌਕਾ ਸੰਭਾਲ ਕਿਹਾ :
ਜੋ ਮੈਂ ਅਰਜ਼ ਕੀਆ, ਸੋ ਆਪ ਨੇ ਦੇਖਾ।

ਝੂਠ ਦੀਆਂ ਅਵਾਜ਼ਾਂ ਵਿੱਚ ਸੱਚੀ ਲਲਕਾਰ ਲੁੱਕ ਗਈ। ਸਾਹਿਬਜ਼ਾਦਿਆਂ ਨੂੰ ਦੁਬਾਰਾ ਤੋਂ ਭਰਮਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੇ ਚਿਹਰਿਆਂ 'ਤੇ ਝਲਕਦੀ ਅਤੇ ਵਤੀਰੇ ਵਿਚੋਂ



ਪ੍ਰਗਟ ਹੁੰਦੀ ਚੜ੍ਹਦੀ ਕਲਾ ਇਸ ਗੱਲ ਦਾ ਸੁਨੇਹਾ ਦੇ ਰਹੀ ਸੀ ਕਿ ਖ਼ਾਲਸਾ ਝੁੱਕਣ ਲਈ ਪੈਦਾ ਹੀ ਨਹੀਂ ਹੋਇਆ। ਇਸ ਦੀ ਤਾਂ ਸਾਜਨਾ ਹੀ ਜ਼ੁਲਮ ਤੇ ਸਿਤਮ ਦੇ ਖਾਤਮੇ ਲਈ ਹੀ ਹੋਈ ਹੈ। ਅਖ਼ੀਰ ਕਾਜ਼ੀਆਂ ਅਤੇ ਮੁੱਲਾਂ ਦੀ ਸਲਾਹ ਦੇ ਨਾਲ ਸਾਹਿਬਜ਼ਾਦਿਆਂ ਅਗੇ ਦੋ ਸ਼ਰਤਾਂ ਰਖੀਆਂ ਗਈਆਂ - ਮੌਤ ਜਾਂ ਧਰਮ ਤਬਦੀਲੀ। ਸਾਹਿਬਜ਼ਾਦਿਆਂ ਨੇ ਲਾੜੀ ਮੌਤ ਨੂੰ ਪਰਨਾਇਆ ਅਤੇ 26 ਦਸੰਬਰ 1704 ਈ. ਨੂੰ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ। ਮਾਤਾ ਗੁਜਰੀ ਜੀ ਨੇ ਵੀ ਬੱਚਿਆਂ ਦੀ ਸ਼ਹਾਦਤ ਦੀ ਖ਼ਬਰ ਸੁਣ ਪ੍ਰਾਣ ਤਿਆਗ ਦਿੱਤੇ।

ਗੁਰੂ ਸਾਹਿਬ ਨੂੰ ਵੀ ਇਹ ਖ਼ਬਰ ਉਸੇ ਦਿਨ ਮਾਛੀਵਾੜੇ ਦੇ ਜੰਗਲਾਂ ਵਿੱਚ ਪਹੁੰਚ ਗਈ। ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਘਾਹ ਦਾ ਬੂਟਾ ਜੜ੍ਹ ਤੋਂ ਪੁੱਟਿਆ ਅਤੇ ਕਿਹਾ ਕਿ ਹੁਣ ਮੁਗ਼ਲ ਰਾਜ ਦੀ ਜੜ੍ਹ ਹੀ ਪੁੱਟੀ ਗਈ।

ਇਸ ਤਰ੍ਹਾਂ ਮਾਸੂਮ ਜਿੰਦਾਂ ਨੇ ਸਿਰਲੱਥ ਸੇਵਾ ਨਿਭਾਉਂਦਿਆਂ ਹੋਇਆ ਪੰਥ ਦੇ ਤੇਜ ਅਤੇ ਗੌਰਵ ਲਈ ਨਵੀਆਂ ਲੀਹਾਂ ਪਾ ਦਿੱਤੀਆਂ ਜਿਹੜੀਆਂ ਇਸ ਗੱਲ ਦੀਆਂ ਪ੍ਰਤੀਕ ਸਨ ਕਿ ਸ਼ਹਾਦਤ ਲਈ ਉਮਰਾਂ ਦਾ ਵਡੱਪਣ ਕੋਈ ਅਰਥ ਨਹੀਂ ਰਖਦਾ।

ਧਰਮ ਕਲਾ ਕੀ ਟੇਕ ਜਿਸ ਤੇਗ ਬਹਾਦਰ ਕੀਨ,
ਸੀਸ ਦਯੋ ਸਿਰਰ ਨ ਦਯੋ ਤਈ ਲੋਕ ਜਸਲੀਨ।
ਗੁਰੂ ਤੇਗ ਬਹਾਦਰ ਕੇ ਪੋਤੇ, ਗੋਬਿੰਦ ਸਿੰਘ ਕੇ ਪੂਤ,
ਧਰਮ ਰਾਖਨ ਸੀਸਨ ਦਯੋ ਪ੍ਰਬਲ ਪੰਥ ਭਯੋ ਸੂਤ।



ਬਾਬਾ ਬੰਦਾ ਸਿੰਘ ਬਹਾਦਰ

ਲੇਵਨ ਕੋ ਬਦਲੋ ਤੁਰਕਾਨ ਤੈ
ਮੋਹਿ ਪਠਿਓ ਗੁਰੂ ਸ੍ਵੈ ਕਰਿ ਬੰਦਾ
ਮਾਰਿ ਤੁਕੈਂ ਕਰਿ ਖ੍ਵਾਰ ਬਜੀਦਹਿ, ਦੇਹੁੰ ਉਜਾਰ ਲੁਟੈਂਹੁ ਸਰੁੰਦਾ।
ਲੈ ਕਰਿ ਬੈਰ ਗੁਰੈਂ ਪੁਤਰੈ, ਫਿਰ ਮਾਰਿ ਗਿਰੀਸੈ ਕਰੋ ਪਰਗੰਦਾ,
ਏਤਿਕ ਕਾਜ ਕਰੋ ਜਬ ਮੈਂ ਤੁਮ ਜਾਨਿਉ ਮੁਝੈ ਤਬ ਹੀ ਗੁਰਿ ਬੰਦਾ।

27 ਅਕਤੂਬਰ 1670 ਈ. ਨੂੰ ਰਾਮਦੇਵ ਰਾਜਪੂਤ ਦੇ ਘਰ ਪੁਣਛ ਦੇ ਪਿੰਡ ਰਾਜੋਰੀ ਵਿੱਚ ਜਨਮੇ ਬਾਲ ਨੇ 1708 ਈ. ਵਿੱਚ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਲੈ ਕੇ ਸਿੱਖ ਇਤਿਹਾਸ ਅਤੇ ਸਿੱਖ ਹਿਰਦਿਆਂ ਵਿੱਚ ਬੰਦਾ ਸਿੰਘ ਬਹਾਦਰ ਵਜੋਂ ਸਥਾਪਤੀ ਕੀਤੀ ਹੈ। ਇਸੇ ਸੂਰਬੀਰ ਜੋਧੇ ਨੇ ਗੁਰੂ ਪਾਤਸ਼ਾਹ ਦੇ ਇਲਾਹੀ ਹੁਕਮ "**ਮੁਗ਼ਲਾਂ ਦੀ ਜੜ੍ਹ ਪੁੱਟੀ ਗਈ**" ਨੂੰ ਸੱਚ ਵਿੱਚ ਤਬਦੀਲ ਕੀਤਾ।



ਆਪਣੀ ਉਦਾਸੀਨ ਬਿਰਤੀ ਆਪ ਲਈ ਹੁਣ ਕੋਈ ਅਰਥ ਨਹੀਂ ਸੀ ਰਖਦੀ। ਮੁਗ਼ਲਾਂ ਦੇ ਜ਼ੁਲਮ-ਸਿਤਮ ਦੀਆਂ ਸਿੱਖਾਂ ਕੋਲੋਂ ਖ਼ਬਰਾਂ ਸੁਣ ਕੇ ਆਪ ਦੇ ਅੰਦਰ ਲੂਹਰੀਆਂ ਉਠਦੀਆਂ ਸਨ। ਗੁਰੂ ਬਾਬੇ ਦੇ ਹੁਕਮ ਨਾਲ ਭਾਈ ਬਾਜ ਸਿੰਘ, ਵਿਨੋਦ ਸਿੰਘ, ਕਾਨ੍ਹ ਸਿੰਘ, ਦਇਆ ਸਿੰਘ ਤੇ ਰਣ ਸਿੰਘ ਅਤੇ ਗੁਰੂ ਭੱਥੇ ਦੇ ਬਖ਼ਸ਼ਿਸ਼ ਰੂਪੀ ਤੀਰ ਲੈ ਕੇ ਪੰਜਾਬ ਵੱਲ ਕੂਚ ਕਰ ਗਏ, ਜਿਥੇ ਗੁਰੂ ਪਾਤਸ਼ਾਹ ਦੇ ਹੁਕਮਾਂ ਦੀ ਤਾਮੀਲ ਕਰਦਿਆਂ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘ ਸੂਰਮੇ ਆਪ ਦੀ ਉਡੀਕ ਵਿੱਚ ਸਨ। ਨਾਨਕ ਚਿੰਤਨ ਨਾਲ ਸਰਸ਼ਾਰ ਹੋਈਆਂ ਰੂਹਾਂ ਨੇ ਜਿਸ ਤਰ੍ਹਾਂ ਜ਼ਾਲਮਾਂ ਨੂੰ ਸਜ਼ਾ ਦੇ ਕੇ ਸ਼ਹਾਦਤਾਂ ਦੇ ਜਾਮ ਪੀਤੇ, ਉਨ੍ਹਾਂ ਦਾ ਸੰਖੇਪ ਬਿਓਰਾ ਇਸ ਤਰ੍ਹਾਂ ਰੂਪਮਾਨ ਹੁੰਦਾ ਹੈ :


* 26 ਨਵੰਬਰ 1709 ਈ. ਨੂੰ ਸੂਰਜ ਨਿਕਲਣ ਤੋਂ ਪਹਿਲਾਂ ਸਮਾਣੇ ਨੂੰ ਘੇਰ ਲਿਆ ਅਤੇ ਸ਼ਾਮ ਹੋਣ ਤੋਂ ਪਹਿਲਾਂ ਸਮਾਣਾ ਖੰਡਰਾਤ ਬਣ ਚੁਕਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਵਾਲਾ ਜੱਲਾਦ ਜਲਾਲਉਦ-ਦੀਨ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਜੱਲਾਦ ਸ਼ਾਂਸ਼ਲ ਬੇਗ ਤੇ ਬਾਗਲ ਬੇਗ ਸਮਾਣੇ ਦੇ ਐਨ ਵਿਚਕਾਰ ਮੌਤ ਦੇ ਘਾਟ ਉਤਾਰ ਦਿੱਤੇ ਗਏ।

* ਦੂਜਾ ਹਮਲਾ ਕਾਦਮ-ਦੀਨ ਉਪਰ ਸੀ ਜੋ ਕਪੂਰੀ ਦਾ ਹਾਕਮ ਦੁਰਾਚਾਰ ਲਈ ਬਦਨਾਮ ਸੀ। ਹਿੰਦੂ ਪਰਿਵਾਰਾਂ ਦੀਆਂ ਲੜਕੀਆਂ ਦੀ ਬੇਪਤੀ ਕਰਨੀ ਉਸਦਾ ਰੋਜ਼ਾਨਾ ਦਾ ਕਰਮ ਸੀ। ਕਾਦਮ-ਦੀਨ ਨੂੰ ਸੰਪਤੀ ਸਮੇਤ ਉਸੇ ਦਿਨ ਉਡਾ ਦਿੱਤਾ ਗਿਆ।



* ਜਬਰ ਦਾ ਤੀਜਾ ਗੜ੍ਹ ਸਢੋਰਾ ਸੀ, ਜਿਸ ਦੇ ਹਾਕਮ ਨੇ ਪੀਰ ਬੁੱਧੂਸ਼ਾਹ ਨੂੰ ਦਸਮ ਪਾਤਸ਼ਾਹ ਦਾ ਸਿੱਖ ਹੋਣ 'ਤੇ ਕੋਹ-ਕੋਹ ਕੇ ਮਾਰ ਦਿੱਤਾ ਸੀ। ਆਪਣੀ ਕਰਨੀ ਦਾ ਫਲ ਭੋਗਦੇ ਉਸਨੂੰ ਸਢੋਰੇ ਦੀਆਂ ਗਲੀਆਂ ਵਿੱਚ ਧੂ-ਧੂ ਕੇ ਮਾਰ ਦਿੱਤਾ ਗਿਆ।
* 12 ਮਈ 1710 ਈ. ਨੂੰ ਅਤਿਆਚਾਰ ਦੇ ਗੜ੍ਹ ਅਤੇ ਸਿੱਖਾਂ ਦੀ ਅੱਖਾਂ ਵਿੱਚ ਨਫ਼ਰਤ ਦੇ ਚਿੰਨ੍ਹ ਵਜੋਂ ਉਕਰੇ ਸਰਹਿੰਦ ਨੂੰ ਮਿੱਟੀ ਵਿੱਚ ਰੋਲ ਕੇ ਰਖ ਦਿੱਤਾ ਗਿਆ। ਫਤਹਿ ਸਿੰਘ ਨੇ ਵਜ਼ੀਰ ਖ਼ਾਂ ਨੂੰ ਦੋ ਹਿੱਸਿਆਂ ਵਿੱਚ ਚੀਰ ਦਿੱਤਾ। ਸੁੱਚਾ ਨੰਦ ਨੂੰ ਉਸਦੇ ਘਰੋਂ ਬਾਹਰ ਖਿੱਚਿਆ ਅਤੇ ਫਿਰ ਐਨੀ ਜਲਾਲਤ ਨਾਲ ਮਾਰਿਆ ਕਿ ਕਾਂ-ਕੁੱਤਿਆਂ ਲਈ ਵੀ ਖਾਣ ਲਈ ਕੁਝ ਨਾ ਬਚਿਆ।
* ਸਰਹਿੰਦ ਦੀ ਜਿੱਤ ਤੋਂ ਬਾਅਦ ਖ਼ਾਲਸਾ ਰਾਜ ਦੀ ਸਥਾਪਤੀ 'ਤੇ ਪਹਿਲਾ ਸਿੱਕਾ ਜਾਰੀ ਕੀਤਾ :

ਸਿਕਾ ਜ਼ਦ ਬਰ ਹਰ ਦੋ ਆਲਮ ਤੇਗ ਨਾਨਕ ਵਾਹਬ ਅਸਤ।
ਫਤਹਿ ਗੋਬਿੰਦ ਸਿੰਘ ਸ਼ਹਿ ਸ਼ਾਹਾਨ ਫਜ਼ਲਿ ਸਚਾ ਸਾਹਿਬ ਅਸਤ।




* ਗੰਗ ਦੁਆਬ ਦੇ ਹਾਕਮਾਂ ਨੂੰ ਜੰਗੇ ਮੈਦਾਨ ਵਿੱਚ ਮੌਤ ਦੇ ਘਾਟ ਉਤਾਰਿਆ ਜਿੰਨ੍ਹਾਂ ਦੇ ਜ਼ੁਲਮ ਦੀ ਇੰਤਹਾ ਹੋ ਚੁਕੀ ਸੀ। ਇਨ੍ਹਾਂ ਵਿੱਚ ਪ੍ਰਮੁੱਖ ਜਲਾਲਾਬਾਦ ਦਾ ਜਲਾਲ ਖ਼ਾਂ ਸੀ।

ਬੰਦਾ ਸਿੰਘ ਬਹਾਦਰ ਨੇ ਪੂਰੇ ਪੰਜਾਬ ਵਿੱਚ ਸਿੱਖਾਂ ਦਾ ਸ਼ਾਹਾਨਾ ਨਵਾਂ ਇਤਿਹਾਸ ਸਿਰਜ ਕੇ ਰਖ ਦਿੱਤਾ। ਅਤਿਆਚਾਰ ਅਤੇ ਜ਼ੁਲਮ-ਸਿਤਮ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਇਸੇ ਸਮੇਂ ਦਿੱਲੀ ਵਿੱਚ ਫ਼ਰਖ਼ਸ਼ੀਅਰ ਗੱਦੀ 'ਤੇ ਬੈਠਿਆ, ਉਸ ਦਾ ਇਕੋ-ਇਕ ਮਿਸ਼ਨ ਬੰਦਾ ਸਿੰਘ ਬਹਾਦਰ ਨੂੰ ਗ੍ਰਿਫ਼ਤਾਰ ਕਰਨਾ ਸੀ। ਅੰਤ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੇ ਘੇਰੇ ਵਿੱਚ ਆ ਗਏ। ਪਰ ਜਿਸ ਦ੍ਰਿੜਤਾ ਨਾਲ ਸਿੱਖਾਂ ਨੇ ਮੁਗ਼ਲਾਂ ਦਾ ਮੁਕਾਬਲਾ ਕੀਤਾ, ਉਸ ਦਾ ਸਪਸ਼ਟ ਉਲੇਖ ਮੁਹੰਮਦ ਕਾਸਮ ਆਪਣੀ ਕਿਤਾਬ 'ਇਬਰਤਨਾਮਾ' ਵਿੱਚ ਕਰਦਿਆਂ ਲਿਖਦਾ ਹੈ :

ਦੋਜਖੀ ਸਿੱਖਾਂ ਦੇ ਹੌਂਸਲੇ 'ਤੇ ਹੈਰਾਨੀ ਹੁੰਦੀ ਹੈ
ਰੋਜ਼ ਦੋ ਜਾਂ ਤਿੰਨ ਵਾਰ ਸਿੱਖਾਂ ਦਾ ਇਕ ਗਰੁੱਪ ਨਿਕਲਦਾ,
ਸਰਕਾਰੀ ਖਾਧ-ਪਦਾਰਥ ਲੁੱਟਦਾ ਅਤੇ ਵਾਪਸ ਚਲਾ ਜਾਂਦਾ।
ਜੋ ਵੀ ਸਰਕਾਰੀ ਸੈਨਾ ਦੇ ਬੰਦੇ ਮੁਕਾਬਲੇ ਲਈ ਜਾਂਦੇ,
ਉਨ੍ਹਾਂ ਵਿਚੋਂ ਇਕ ਵੀ ਜਿਊਂਦਾ ਵਾਪਸ ਨਾ ਮੁੜਦਾ।
ਸ਼ਾਹੀ ਸੈਨਾ ਦੇ ਕਮਾਂਡਰ ਹੱਥ ਜੋੜਦੇ ਕਿ
ਬੰਦਾ ਸਿੰਘ ਬਹਾਦਰ ਗੜੀ ਵਿਚੋਂ ਭੱਜ ਜਾਵੇ।

ਪਰ ਘੇਰਾ ਲੰਮਾ ਹੁੰਦਾ ਗਿਆ। ਕੁਝ ਸਿੰਘ ਬੰਦਾ ਸਿੰਘ ਬਹਾਦਰ ਦਾ ਸਾਥ ਛੱਡ ਗਏ। ਭੁੱਖ ਦੇ ਸਤਾਏ ਅਤੇ ਹਥਿਆਰ ਤੋਂ ਨਿਹੱਥੇ ਸਿੱਖ ਹੋਰ ਕਿੰਨਾ ਚਿਰ ਮੁਕਾਬਲਾ ਕਰ ਸਕਦੇ ਸਨ। 7 ਦਸੰਬਰ 1715 ਈ. ਨੂੰ ਸਰਕਾਰੀ ਫ਼ੌਜ ਕਿਲੇ ਵਿੱਚ ਦਾਖ਼ਲ ਹੋ ਗਈ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੇ ਉਸਦੇ ਸਾਥੀ ਕੈਦੀ ਬਣਾ ਲਏ ਗਏ ਅਤੇ ਅਬਦੁਲ ਸਮੁੰਦ ਖ਼ਾਂ ਦੀ ਅਗਵਾਈ ਵਿੱਚ ਬਹੁਤ ਸਾਰਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। 27 ਫਰਵਰੀ 1716 ਈ. ਨੂੰ ਜ਼ਕਰੀਆ ਖ਼ਾਂ ਦੀ ਅਗਵਾਈ ਵਿੱਚ ਕੈਦੀ ਸਿੰਘਾਂ ਨੂੰ ਦਿੱਲੀ ਪਹੁੰਚਾ ਦਿੱਤਾ ਗਿਆ। ਬੰਦਾ ਸਿੰਘ ਬਹਾਦਰ ਤੋਂ ਉਹ ਐਨੇ ਭੈ-ਭੀਤ ਸਨ ਕਿ ਚਾਰ ਸੰਗਲਾਂ ਨਾਲ ਉਸਨੂੰ ਨੂੜ ਕੇ ਲੋਹੇ ਦੇ ਪਿੰਜਰੇ ਵਿੱਚ ਰਖਿਆ ਗਿਆ ਅਤੇ ਬਾਹਰ ਚਾਰ ਆਦਮੀ ਤਲਵਾਰ ਲੈ ਕੇ ਇਸ ਲਈ ਖੜ੍ਹੇ ਕੀਤੇ ਗਏ ਕਿ ਜੇਕਰ ਬਾਬਾ ਜੀ ਭੱਜਣ ਦੀ ਕੋਸ਼ਿਸ਼ ਕਰਨ ਤਾਂ ਕਤਲ ਕੀਤੇ ਜਾ ਸਕਣ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਰੋਜ਼ਾਨਾ ਸਿੱਖਾਂ ਨੂੰ ਕਤਲ ਕੀਤਾ ਜਾਂਦਾ ਪਰ ਇਕ ਵੀ ਸਿੱਖ ਅਜਿਹਾ ਨਾ ਨਿਕਲਿਆ ਜਿਸ ਨੇ ਧਰਮ ਛੱਡਣ ਦੀ ਗੱਲ ਕੀਤੀ ਹੋਵੇ ਕਿਉਂਕਿ ਜਿਸ ਰਸਤੇ 'ਤੇ ਗੁਰੂ ਲੰਘ ਗਿਆ, ਉਸ ਰਸਤੇ 'ਤੇ ਸਿੱਖ ਕਿਵੇਂ ਲੰਘਣੋਂ ਡਰ ਸਕਦਾ ਸੀ। ਸ਼ਹੀਦ ਹੋਣ ਵਾਲੇ ਸਿੰਘ ਅਤੇ ਬਾਬਾ ਜੀ ਮੁਗ਼ਲਾਂ ਦੀ ਮੂਰਖਤਾ 'ਤੇ ਹੱਸਦੇ ਅਤੇ ਜਲਾਦਾਂ ਨੂੰ ਮੁਕਤੀ ਦਾਤਾ ਪੁਕਾਰਦੇ, ਪਹਿਲਾਂ ਸ਼ਹਾਦਤ ਦੇਣ ਲਈ ਇਕ-ਦੂਜੇ ਤੋਂ ਅੱਗੇ ਹੁੰਦੇ। ਅੰਤ ਜਦ ਸਾਰੇ ਰਾਹ ਮੁੱਕ ਗਏ ਤਾਂ 9 ਜੂਨ 1716 ਈ. ਨੂੰ ਸਭ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਭ ਤੋਂ ਛੋਟੇ ਪੁੱਤਰ ਨੂੰ ਕਤਲ ਕਰਕੇ ਉਸ ਦਾ ਕਲੇਜਾ ਬਾਬਾ ਜੀ ਦੇ ਮੂੰਹ ਵਿੱਚ ਪਾ ਦਿੱਤਾ। ਬਾਬਾ ਜੀ ਇਸ ਨੂੰ ਪ੍ਰਭੂ ਭਾਣਾ ਪ੍ਰਵਾਨ ਕਰਦੇ ਹੋਏ ਮਸਤ



ਸਨ। ਫਿਰ ਮੁਗ਼ਲ ਜੱਲਾਦ ਉਨ੍ਹਾਂ 'ਤੇ ਟੁੱਟ ਪਏ ਅਤੇ ਬਾਬਾ ਜੀ ਨੂੰ ਜੰਬੂਰਾਂ ਨਾਲ ਮਾਸ ਤੋੜ-ਤੋੜ ਵਿੰਨ ਸੁੱਟਿਆ, ਹੱਥ-ਪੈਰ ਕੱਟ ਦਿੱਤੇ ਅਤੇ ਅਖ਼ੀਰ ਵਿੱਚ ਸੀਸ ਕੱਟ ਦਿੱਤਾ ਗਿਆ। ਇਹ "**ਸੀਸ ਦੀਆ ਪਰ ਸਿਰਰੁ ਨਾ ਦੀਆ**' ਦੇ ਮਹਾਵਾਕ ਦਾ ਸੱਚ ਵਿੱਚ ਪ੍ਰਗਟਾਵਾ ਸੀ।

ਭਾਈ ਤਾਰਾ ਸਿੰਘ ਵਾਂ

ਪੰਜਾਬ ਦੇ ਮਾਝੇ ਦੀ ਧਰਤੀ ਦੇ ਪਿੰਡ ਵਾਂ ਵਿੱਚ ਭਾਈ ਗੁਰਦਾਸ ਸਿੰਘ ਦੇ ਘਰ ਇਕ ਬਾਲ ਨੇ ਜਨਮ ਲਿਆ, ਜੋ ਸਿੱਖ ਸ਼ਹੀਦਾਂ ਦੇ ਇਤਿਹਾਸ ਵਿੱਚ ਭਾਈ ਤਾਰਾ ਸਿੰਘ ਵਾਂ ਦੇ ਨਾਮ ਨਾਲ ਲੋਕ ਦਿਲਾਂ ਦਾ ਹਿੱਸਾ ਹੈ। ਆਪ ਜੀ ਨੂੰ ਅੰਮ੍ਰਿਤ ਦੀ ਦਾਤ ਭਾਈ ਮਨੀ ਸਿੰਘ ਹਥੋਂ ਪ੍ਰਾਪਤ ਹੋਈ। ਗੁਰੂ ਦਾ ਇਹ ਪੂਰਾ-ਸੂਰਾ ਸਿੱਖ ਜਿਥੇ ਪਰਉਪਕਾਰ ਦੀ ਮੂਰਤ ਸੀ, ਉਥੇ ਸੰਤ-ਸਿਪਾਹੀ ਹਿਰਦੇ ਦਾ ਮਾਲਕ ਵੀ ਸੀ। ਭਾਈ ਸਾਹਿਬ ਨੇ ਆਪਣੇ ਖੇਤਾਂ ਵਿੱਚ ਇਕ ਹਵੇਲੀ ਬਣਾਈ ਹੋਈ ਸੀ, ਜਿਥੇ ਕੋਈ ਵੀ ਰੱਬੀ ਜੀਅ ਭੋਜਨ ਛੱਕ ਸਕਦਾ ਸੀ। ਰੋਟੀ ਅਤੇ ਮੰਜੀ ਉਥੇ ਹਮੇਸ਼ਾ ਤਿਆਰ ਰਹਿੰਦੀ ਸੀ।

ਭਾਈ ਸਾਹਿਬ ਦੇ ਪਿੰਡ ਦੇ ਨਜ਼ਦੀਕ ਛੋਟਾ ਕਸਬਾ ਨੌਸ਼ੈਹਿਰਾ ਸੀ ਜਿਥੋਂ ਦਾ ਜਗੀਰਦਾਰ ਸਾਹਿਬ ਰਾਏ ਸੀ। ਉਹ ਸਿੱਖਾਂ ਦਾ ਵਿਰੋਧੀ ਅਤੇ ਘਮੰਡੀ ਤਬੀਅਤ ਦਾ ਮਾਲਕ ਸੀ। ਲੋਕ ਹਿਤਾਂ ਨੂੰ ਕੁਚਲਣਾ ਉਸ ਦਾ ਸ਼ੁਗਲ ਸੀ। ਉਹ ਆਪਣੇ ਘੋੜੇ ਅਤੇ ਡੰਗਰ-ਵੱਛੇ ਕਿਸਾਨਾਂ ਦੇ ਖੇਤਾਂ ਵਿੱਚ ਖੁਲ੍ਹਾ ਛੱਡ ਦਿੰਦਾ। ਫਸਲਾਂ ਦਾ ਨਾਸ ਹੁੰਦੇ ਵੇਖ ਕੇ ਵੀ ਗ਼ਰੀਬ ਕਿਰਸਾਨੀ ਵਿੱਚ ਮੂੰਹ ਖੋਲ੍ਹਣ ਦੀ ਹਿੰਮਤ ਨਹੀਂ ਸੀ। ਇਸੇ ਸਮੇਂ ਇਥੋਂ ਦੇ ਵਸਨੀਕਾਂ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ। ਉਨ੍ਹਾਂ ਅੰਦਰ ਫੈਲੀ ਗ਼ੁਰਬਤ ਅਤੇ ਡਰ ਖੰਭ ਲਾ ਕੇ ਉਡ ਗਿਆ। ਹੁਣ ਸਾਹਿਬ ਰਾਏ ਉਨ੍ਹਾਂ ਲਈ ਕੀ ਚੀਜ਼ ਸੀ।

ਇਕ ਦਿਨ ਅਜਿਹੀ ਘਟਨਾ ਵਾਪਰ ਗਈ ਜਿਸ ਨਾਲ 'ਦੋਹੀ ਦਲੀਂ ਮੁਕਾਬਲਾ' ਦੀ ਕਹਾਣੀ ਸ਼ੁਰੂ ਹੋ ਗਈ। ਸਾਹਿਬ ਰਾਏ ਦੀਆਂ ਘੋੜੀਆਂ ਦੋ ਨਵੇਂ ਸਜੇ ਸਿੰਘਾਂ - ਬਘੇਲ ਸਿੰਘ ਤੇ ਅਮਰ ਸਿੰਘ ਦੇ ਖੇਤਾਂ ਵਿੱਚ ਵੜ ਗਈਆਂ। ਉਨ੍ਹਾਂ ਦੇ ਮਨ੍ਹਾ ਕਰਨ 'ਤੇ ਸਾਹਿਬ ਰਾਏ ਨੇ ਕਿਹਾ ਕਿ ਤੁਸੀਂ ਆਪਣੇ ਖੇਤਾਂ ਵਿੱਚ ਮੇਰੇ ਘੋੜਿਆਂ ਦੇ ਖੁਲ੍ਹੇ ਫਿਰਨ ਦੀ ਗੱਲ ਕਰਦੇ ਹੋ। ਮੈਂ ਤੁਹਾਨੂੰ ਦੱਸਦਾ ਹਾਂ ਕਿ ਮੇਰੀ ਕੈਂਚੀ ਤੁਹਾਡੀ ਦਾੜ੍ਹੀਆਂ ਅਤੇ ਲੰਮੇ ਕੇਸਾਂ ਵਿੱਚ ਬੇ ਰੋਕ-ਟੋਕ ਚਲੇਗੀ। ਲੜਾਈ ਪਿੰਡ ਦੇ ਲੋਕਾਂ ਨੇ ਵਿੱਚ ਪੈ ਕੇ ਰੁਕਵਾ ਦਿੱਤੀ। ਪਰ ਸਿੰਘ ਐਨੇ ਕ੍ਰੋਧਤ ਹੋਏ ਕਿ ਅਗਲੇ ਦਿਨ ਘੋੜੀਆਂ ਫੜ ਲਈਆਂ ਅਤੇ ਵੇਚ ਕੇ ਜੋ ਵੀ ਧਨ ਪ੍ਰਾਪਤ ਹੋਇਆ, ਉਹ ਭਾਈ ਤਾਰਾ ਸਿੰਘ ਵਾਂ ਦੇ ਚਲਦੇ ਲੰਗਰ ਵਿੱਚ ਪਾ ਦਿੱਤਾ। ਸਾਹਿਬ ਰਾਏ ਗੁੱਸੇ ਨਾਲ





ਭਰਿਆ ਬੋਲ-ਕਬੋਲ ਕਰਦਾ ਭਾਈ ਸਾਹਿਬ ਦੀ ਹਵੇਲੀ ਪੁੱਜਾ ਅਤੇ ਸਿੰਘਾਂ ਨੂੰ ਉਸਦੇ ਹਵਾਲੇ ਕਰਨ ਨੂੰ ਕਿਹਾ। ਭਾਈ ਤਾਰਾ ਸਿੰਘ ਜੀ ਦੇ ਇਨਕਾਰ ਕਰਨ 'ਤੇ ਗਾਲੀ-ਗਲੌਚ 'ਤੇ ਉਤਰ ਆਇਆ। ਸਿੰਘ ਤਲਵਾਰਾਂ ਸੂਤ ਕੇ ਸਾਹਿਬ ਰਾਏ ਨੂੰ ਪੈ ਨਿਕਲੇ ਪਰ ਸਾਹਿਬ ਰਾਏ ਉਥੋਂ ਭੱਜ ਨਿਕਲਿਆ।

ਇਹ ਪਹਿਲੀ ਵਾਰ ਸੀ ਕਿ ਲੋਕਾਂ ਨੂੰ ਜਲੀਲ ਕਰਨ ਵਾਲਾ ਖ਼ੁਦ ਜਲਾਲਤ ਸਹਿ ਕੇ ਆਪਣੇ ਘਰ ਅੰਦਰ ਜਾ ਲੁਕਿਆ। ਸਾਹਿਬ ਰਾਏ ਨੇ ਪੱਟੀ ਦੀ ਫ਼ੌਜ ਦੇ ਜ਼ਾਫ਼ਰ ਬੇਗ਼ ਨੂੰ ਸਾਰੀ ਘਟਨਾ ਦੀ ਸੂਚਨਾ ਦੇ ਦਿੱਤੀ। ਜ਼ਾਫ਼ਰ ਬੇਗ਼ ਨੇ ਆਪਣੇ ਭਤੀਜੇ ਦੀ ਅਗਵਾਈ ਵਿੱਚ 125 ਸੈਨਿਕਾਂ ਨੂੰ ਤੋਰ ਦਿੱਤਾ। ਮੁਗ਼ਲ ਸੈਨਿਕਾਂ ਨੇ ਤਾਰਾ ਸਿੰਘ ਵਾਂ ਦੇ ਘਰ ਨੂੰ ਘੇਰਾ ਪਾ ਲਿਆ ਅਤੇ ਆਪਣੇ ਆਪ ਨੂੰ ਉਨ੍ਹਾਂ ਦੇ ਹਵਾਲੇ ਕਰ ਦੇਣ ਲਈ ਆਖਿਆ। ਬਘੇਲ ਸਿੰਘ ਤੇ ਅਮਰ ਸਿੰਘ ਦੀ ਅਗਵਾਈ ਵਿੱਚ ਮੁੱਠੀ ਭਰ ਸਿੰਘ ਮੁਗ਼ਲ ਸੈਨਿਕਾਂ ਨਾਲ ਜੂਝ ਪਏ। ਬਘੇਲ ਸਿੰਘ ਨੇ ਬਹੁਤ ਹੀ ਫੁਰਤੀ ਨਾਲ ਜ਼ਾਫ਼ਰ ਬੇਗ਼ ਦੇ ਭਤੀਜੇ ਦਾ ਸਿਰ ਵੱਢ ਦਿੱਤਾ। ਆਪਣੇ ਕਮਾਂਡਰ ਦੀ ਮੌਤ ਨੂੰ ਵੇਖ ਕੇ ਸਾਰੀ ਸੈਨਾ ਭੱਜ ਗਈ ਅਤੇ ਮੈਦਾਨ ਸਿੱਖਾਂ ਦੇ ਹੱਥ ਲਗਾ।

ਮਿਰਜ਼ਾ ਜ਼ਾਫ਼ਰ ਬੇਗ਼ ਆਪਣੇ ਭਤੀਜੇ ਦੀ ਮੌਤ ਸੁਣ ਕੇ ਪਾਗਲ ਹੋ ਗਿਆ ਅਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਂ ਦੇ ਅੱਗੇ ਜਾ ਫ਼ਰਿਆਦੀ ਹੋਇਆ। ਸੂਬੇਦਾਰ ਨੇ 220 ਜੰਗਜੂਆਂ ਨੂੰ ਜਿੰਨ੍ਹਾਂ ਵਿੱਚ ਘੋੜ-ਸਵਾਰ, ਤੋਪਚੀ ਅਤੇ ਹਾਥੀ ਸ਼ਾਮਲ ਸਨ, ਮੋਮਨ ਖ਼ਾਂ ਦੀ ਅਗਵਾਈ ਵਿੱਚ ਤਾਰਾ ਸਿੰਘ ਵਾਂ ਵਿਰੁੱਧ ਭੇਜ ਦਿੱਤਾ। 45 ਸਿੱਖ ਸੂਰਮੇ ਭਾਈ ਸਾਹਿਬ ਦੀ ਅਗਵਾਈ ਵਿਚ ਪਹਿਲਾਂ ਹੀ ਲੜਾਈ ਲਈ ਤਿਆਰ ਸਨ। ਭਾਈ ਤਾਰਾ ਸਿੰਘ ਵਾਂ ਨੇ ਹਾਜ਼ਰ ਸਿੱਖਾਂ ਨੂੰ ਲਲਕਾਰ ਕੇ ਕਿਹਾ ਕਿ ਜਿੰਨ੍ਹਾਂ ਨੂੰ ਜ਼ਿੰਦਗੀ ਪਿਆਰੀ ਹੈ, ਉਹ ਜਾ ਸਕਦੇ ਹਨ। ਪਰ ਗੁਰੂ ਦਾ ਇਕ-ਇਕ ਸਿੱਖ ਲੜ ਮਰਨ ਲਈ ਤਿਆਰ-ਬਰ-ਤਿਆਰ ਬੈਠਾ ਸੀ। ਰਾਤ ਨੂੰ ਲੜਾਈ ਸ਼ੁਰੂ ਹੋ ਗਈ ਅਤੇ ਦਿਨ ਚੜ੍ਹਣ ਤਕ ਜਾਰੀ ਰਹੀ। ਦਿਨ ਵੇਲੇ ਜਦੋਂ ਮੁਗ਼ਲ ਫ਼ੌਜ ਨੇ ਮੁੱਠੀ ਭਰ ਸਿੱਖਾਂ ਨੂੰ ਮੁਕਾਬਲੇ ਵਿੱਚ ਡਟੇ ਵੇਖਿਆ ਤਾਂ ਜ਼ੋਰਦਾਰ ਧਾਵਾ ਬੋਲ ਦਿੱਤਾ। ਸਿੱਖ ਜੂਝਦੇ ਹੋਏ ਮਨੁੱਖੀ ਮਾਨ-ਸਨਮਾਨ ਦੀ ਮਰਿਆਦਾ ਨਿਭਾਉਂਦੇ ਹੋਏ ਭਾਈ ਤਾਰਾ ਸਿੰਘ ਵਾਂ ਦੇ ਨਾਲ 1725 ਈ. ਵਿੱਚ ਸ਼ਹਾਦਤ ਦਾ ਜਾਮ ਪੀ ਗਏ।

ਭਾਈ ਮਨੀ ਸਿੰਘ ਜੀ


ਭਾਈ ਮਨੀ ਸਿੰਘ ਦਾ ਸਿੱਖ ਧਰਮ ਵਿੱਚ ਉਹੀ ਸਥਾਨ ਹੈ ਜੋ ਮਹਾਨ ਲਿਖਾਰੀ ਭਾਈ ਗੁਰਦਾਸ ਜੀ ਦਾ ਹੈ। ਪੰਜਵੇਂ ਪਾਤਸ਼ਾਹ ਦੇ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਲਿਖਤ ਅਤੇ ਧਰਮ ਪ੍ਰਚਾਰ ਦੇ ਕੰਮਾਂ ਦੀ ਜ਼ਿੰਮੇਵਾਰੀ ਜਿਸ ਤਰ੍ਹਾਂ ਭਾਈ ਗੁਰਦਾਸ 'ਤੇ ਸੀ, ਉਸੇ ਤਰ੍ਹਾਂ ਦਸਮ ਪਾਤਸ਼ਾਹ ਵੇਲੇ ਇਹ ਕੰਮ ਭਾਈ ਮਨੀ ਸਿੰਘ ਜੀ ਦੇ ਜ਼ਿੰਮੇ ਆਇਆ। ਭਾਈ ਮਨੀ ਸਿੰਘ ਉੱਚ ਕੋਟੀ ਦੇ ਵਿਦਵਾਨ ਅਤੇ ਸੂਰਮੇ ਸਿੱਖ ਵਜੋਂ ਸਿੱਖ ਇਤਿਹਾਸ ਦੇ 'ਸ਼ਾਹਦ' ਹਨ।

ਆਪ ਜੀ ਦਾ ਜਨਮ 1662 ਈ. ਵਿੱਚ ਪਟਿਆਲਾ ਰਾਜ ਦੇ ਪਿੰਡ ਕੈਬੋਵਾਲ ਵਿੱਚ ਇਕ ਜੱਟ ਪਰਿਵਾਰ ਵਿੱਚ ਹੋਇਆ। ਬਚਪਨ ਵਿੱਚ ਹੀ ਗੁਰੂ ਘਰ ਨਾਲ ਜੁੜ ਗਏ ਅਤੇ ਸ਼ਹਾਦਤ ਦਾ ਜਾਮ ਵੀ ਗੁਰੂ-ਘਰ ਵਿੱਚ ਹੀ ਪੀਤਾ। ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਆਪ ਮਾਤਾ ਸੁੰਦਰੀ ਜੀ ਨਾਲ ਦਿੱਲੀ ਆ ਗਏ। ਮਾਤਾ ਸੁੰਦਰੀ ਜੀ ਦੇ ਹੁਕਮਾ ਨਾਲ ਹੀ ਆਪ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਨਿਯੁਕਤ ਕੀਤੇ ਗਏ, ਜਿਥੇ ਬੈਠ ਕੇ ਆਪ ਗੁਰੂ ਦੇ ਵਜ਼ੀਰ ਵਜੋਂ ਭੂਮਿਕਾ ਨਿਭਾਉਂਦੇ ਰਹੇ।

ਸਿੱਖ ਧਰਮ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਮੱਸਿਆਵਾਂ ਪੈਦਾ ਹੋਣ ਦੇ ਆਸਾਰ ਨਜ਼ਰ ਆਉਣ ਲਗੇ। ਆਪ ਨੇ ਸੁਚੱਜੇ ਢੰਗ ਨਾਲ ਉਨ੍ਹਾਂ ਦਾ ਸਮਾਧਾਨ ਕਰਕੇ ਸਿੱਖਾਂ ਨੂੰ ਇਕ ਲੜੀ ਵਿੱਚ ਪਰੋ ਦਿੱਤਾ। ਇਸੇ ਸਮੇਂ ਲਾਹੌਰ ਦੇ ਸੂਬੇਦਾਰ ਵਜੋਂ ਜ਼ਕਰੀਆ ਖ਼ਾਂ ਭੂਮਿਕਾ ਨਿਭਾ ਰਿਹਾ ਸੀ ਜੋ ਸਿੱਖਾਂ ਦੇ ਖ਼ੂਨ ਦਾ ਪਿਆਸਾ ਸੀ। ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ ਅਤੇ ਬਹੁਤ ਬੇਦਰਦੀ ਨਾਲ ਸਿੱਖਾਂ ਨੂੰ ਰੋਜ਼ਾਨਾ ਕਤਲ ਕੀਤਾ ਜਾਂਦਾ। ਹਰਿਮੰਦਰ ਸਾਹਿਬ ਵਿੱਚ ਸਿੱਖਾਂ ਦੇ ਆਉਣ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ।



ਭਾਈ ਮਨੀ ਸਿੰਘ ਜੀ ਨੇ 1738 ਈ. ਵਿੱਚ ਜ਼ਕਰੀਆ ਖ਼ਾਂ ਨੂੰ ਪੱਤਰ ਲਿਖ ਕੇ ਆਗਿਆ ਮੰਗੀ ਕਿ ਜੇਕਰ ਉਹ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਬੰਦੀ ਹਟਾ ਦੇਵੇ ਅਤੇ ਸਿੱਖਾਂ ਦਾ ਦਿਵਾਲੀ 'ਤੇ ਅੰਮ੍ਰਿਤਸਰ ਵਿੱਚ ਇਕੱਠ ਹੋਣ ਦਿੱਤਾ ਜਾਵੇ ਤਾਂ ਪੰਜ ਹਜ਼ਾਰ ਰੁਪੈ ਸਰਕਾਰੀ ਖ਼ਜ਼ਾਨੇ ਵਿੱਚ ਜਮ੍ਹਾ ਕਰਵਾ ਦਿੱਤੇ ਜਾਣਗੇ। ਜ਼ਕਰੀਆ ਖ਼ਾਂ ਇਸ ਮੌਕੇ ਦੀ ਤਾਕ ਵਿੱਚ ਹੀ ਸੀ ਕਿ ਸਿੱਖ ਅੰਮ੍ਰਿਤਸਰ ਇਕੱਠੇ ਹੋਣ ਤਾਂ ਕਿ ਉਨ੍ਹਾਂ ਨੂੰ ਇਕੱਠਿਆਂ ਮਲੀਆ-ਮੇਟ ਕਰ ਦਿੱਤਾ ਜਾਵੇ। ਪਰ ਸਿੱਖਾਂ ਨੂੰ ਇਸ ਦੀ ਖ਼ਬਰ ਮਿਲ ਗਈ ਜਿਸ ਕਰਕੇ ਦਿਵਾਲੀ 'ਤੇ ਜੋੜ-ਮੇਲਾ ਨਾ ਹੋ ਸਕਿਆ। ਭਾਈ ਮਨੀ ਸਿੰਘ ਨੇ ਪੈਸੇ ਖ਼ਜ਼ਾਨੇ ਵਿੱਚ ਜਮ੍ਹਾ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖ਼ਾਂ ਨੇ ਭਾਈ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕੀਤਾ ਗਿਆ, ਸਿੱਖ ਸੰਗਤਾਂ ਨੇ



ਆਪਣੇ ਵੱਲੋਂ ਪੈਸਾ ਜਮ੍ਹਾ ਕਰਵਾਉਣ ਦੀ ਪੇਸ਼ਕਸ਼ ਦਿੱਤੀ ਪਰ ਭਾਈ ਸਾਹਿਬ ਨੇ ਮਨ੍ਹਾ ਕਰ ਦਿੱਤਾ। ਕਾਜ਼ੀਆਂ ਅਤੇ ਮੁਲਾਣਿਆਂ ਨੇ ਆਪਣੀ ਪੁਰਾਣੀਆਂ ਸ਼ਰਤਾਂ ਰੱਖਦੇ ਹੋਏ ਇਸਲਾਮ ਕਬੂਲਣ ਲਈ ਕਿਹਾ। ਪਰ ਭਾਈ ਮਨੀ ਸਿੰਘ ਮੁਸਕਰਾਏ, ਸਾਫ਼ ਮਨ੍ਹਾ ਕੀਤਾ ਅਤੇ 1739 ਈ. ਵਿੱਚ ਬੰਦ-ਬੰਦ ਕਟਾਉਂਦੇ ਹੋਏ ਸ਼ਹੀਦ ਹੋਏ।

ਭਾਈ ਤਾਰੂ ਸਿੰਘ ਜੀ

ਤਾਰੂ ਸਿੰਘ ਜੀ ਤਬ ਕਹਯੋ ਤੂੰ ਸੁਨ ਬਾਤ ਨਵਾਬ
ਹਮ ਤੁਮਰੋ ਨ ਬਿਗਾੜਿਓ ਤੁਮ ਕਿਮ ਦੇਤ ਅਜ਼ਾਬ।
ਜੋ ਹਮ ਤੁਮਰੀ ਭੂਮ ਬਿਗਰੈਂ, ਤੌ ਤੁਮ ਕੋ ਹਮ ਪੈਸੇ ਭਰੈਂ।
ਔ ਜੋ ਵਣਜ ਵਪਾਰ ਭੀ ਕਰੈਂ, ਤੌ ਭੀ ਤੁਮਰੋ ਹਾਲਾ ਭਰੇਂ।
ਤੁਮ ਕੋ ਦੇ ਕੇ ਜੋ ਰਹਿ ਜਾਇ, ਸੋ ਹਮ ਅਪਨੇ ਪੇਟਨ ਪਾਇਂ।
ਅਪਨੋ ਤਨ ਪੇਟ ਰਖ ਕੈ ਊਣੀ, ਦੇਤ ਔਰ ਕੋ ਚਬਨ ਚਬੂਣੀ।
ਕਹੁ ਤੇਰੀ ਕਯਾ ਗਾਠੋਂ ਜਾਇ ? ਹਮ ਕੋ ਤੁਮ ਕਿਮ ਦੇਤ ਸਜ਼ਾਇ ?

ਅੰਮ੍ਰਿਤਸਰ ਜ਼ਿਲੇ ਦੇ ਪਿੰਡ ਪੂਹਲਾ ਦੇ ਵਸਨੀਕ ਭਾਈ ਤਾਰੂ ਸਿੰਘ ਜੀ ਦਾ ਜਨਮ 1720 ਈ. ਵਿੱਚ ਹੋਇਆ। ਅੰਮ੍ਰਿਤਪਾਨ ਭਾਈ ਮਨੀ ਸਿੰਘ ਜੀ ਹਥੋਂ ਕਰ ਕੇ ਤਿਆਰ-ਬਰ-ਤਿਆਰ ਸਿੰਘ ਸਜੇ। ਉਸ ਵੇਲੇ ਪੰਜਾਬ ਵਿੱਚ ਅਬਦੁਲ ਸਮੁੰਦ ਖ਼ਾਂ ਦਾ ਰਾਜ ਸੀ ਜਿਸ ਨੂੰ ਸਿੱਖ ਇਕ ਅੱਖ ਨਹੀਂ ਭਾਉਂਦੇ ਸਨ।


ਭਾਈ ਤਾਰੂ ਸਿੰਘ ਦੇ ਪਿਤਾ ਅਬਦੁਲ ਸਮੰਦ ਖ਼ਾਂ ਦੇ ਵਿਰੁੱਧ ਜੂਝਦੇ ਹੋਏ ਸ਼ਹਾਦਤ ਨੂੰ ਪ੍ਰਾਪਤ ਹੋਏ ਸਨ। ਭਾਈ ਸਾਹਿਬ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਆਪ ਦੀ ਮਾਤਾ ਤੇ ਵੱਡੀ ਭੈਣ ਦੇ ਹਿੱਸੇ ਆਈ ਜੋ ਗੁਰੂ ਬਖ਼ਸ਼ਿਸ਼ ਦੀਆਂ ਪਾਤਰ ਸਨ ਅਤੇ ਸਿੱਖੀ ਚੇਤਨਾ ਨਾਲ ਇਕਸਾਰ ਹੋਈਆਂ ਸੁਜੱਗ ਰੂਹਾਂ ਸਨ। ਇਸ ਲਈ ਗੁਰੂ ਪਿਆਰ ਕੁੱਟ-ਕੁੱਟ ਕੇ ਆਪ ਦੇ ਹਿਰਦੇ ਵਿੱਚ ਭਰਿਆ ਪਿਆ ਸੀ। ਉਹ ਪਿੰਡ ਵਿੱਚ ਰਹਿ ਕੇ ਖੇਤੀ ਕਰਦੇ ਅਤੇ ਜੋ ਵੀ ਬਚ ਜਾਂਦਾ, ਉਹ ਗੁਪਤਵਾਸ ਹੋਏ ਸਿੱਖ ਭਰਾਵਾਂ ਨੂੰ

ਪਹੁੰਚਾ ਦਿੰਦੇ। ਆਪ ਦੀ ਭੈਣ ਅਤੇ ਮਾਂ ਇਸ ਪਵਿਤਰ ਕਾਜ ਵਿੱਚ ਆਪ ਦੀਆਂ ਧਿਰ ਸਨ।

ਭਾਈ ਸਾਹਿਬ ਦੀ ਸ਼ਿਕਾਇਤ ਜੰਡਿਆਲਾ ਦੇ ਹਰਿਭਗਤ ਨਿਰੰਜਨੀਏ ਨੇ ਜ਼ਕਰੀਆ ਖ਼ਾਂ ਕੋਲ ਕਰ ਦਿੱਤੀ ਕਿ ਤੁਸੀਂ ਸਿੱਖਾਂ ਨੂੰ ਮਾਰ ਉਜਾੜ ਰਹੇ ਹੋ, ਪਰ ਤਾਰੂ ਸਿੰਘ ਉਨ੍ਹਾਂ ਦੇ ਖਾਧ ਸਮਾਨ ਦੀ ਜ਼ਿੰਮੇਵਾਰੀ ਨਿਭਾ ਰਿਹਾ ਹੈ। ਉਸਦੀ ਸ਼ਿਕਾਇਤ ਨੂੰ ਪ੍ਰਾਚੀਨ ਪੰਥ ਪ੍ਰਕਾਸ਼ ਇਸ ਤਰ੍ਹਾਂ ਰੂਪਮਾਨ ਕਰਦਾ ਹੈ :

ਤਾਰੂ ਸਿੰਘ ਤਹਿੰ ਖੇਤੀ ਕਰੈ, ਸਾਥ ਪਿੰਡ ਵਹਿ ਹਾਲਾ ਭਰੈ।
ਦੇਹ ਹਾਕਮ ਕਛੁ ਥੋੜਾ ਖਾਵੈ, ਬਚੈ ਸਿੰਘਨ ਕੇ ਪਾਸ ਪੁਚਾਵੈ।
ਹੈ ਉਸਕੇ ਇਕ ਭੈਣ ਅਰ ਮਾਈ, ਪੀਸ ਕੂਟ ਵੈ ਕਰੈਂ ਕਮਾਈ।
ਆਪ ਖਾਇ ਵਹਿ ਰੂਖੀ ਮਿੱਸੀ, ਮੋਟਾ ਪਹਿਰ ਆਪ ਰਹਿ ਕਿਸੀ।
ਜੋਊ ਬਚੈ ਸੋ ਸਿੰਘਨ ਦੇਵੈ, ਉਇ ਬਿਨ ਸਿੰਘਨ ਔਰ ਨ ਸੇਵੈ।

ਜੂਨ 1745 ਈ. ਨੂੰ ਭਾਈ ਤਾਰਾ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਲਾਹੌਰ ਲਿਆਂਦਾ ਗਿਆ। ਇਸਲਾਮ ਕਬੂਲਣ ਅਤੇ ਕੇਸ ਕਤਲ ਕਰਾਉਣ ਦੀ ਸਜ਼ਾ ਸੁਣਾਈ ਗਈ। ਭਾਈ ਸਾਹਿਬ ਨੇ ਦੋਵੇਂ ਸਜ਼ਾਵਾਂ ਅਪ੍ਰਵਾਨ ਕਰ ਦਿੱਤੀਆਂ। ਜ਼ਕਰੀਆ ਖ਼ਾਂ ਨੇ ਹੁਕਮ ਦਿੱਤਾ ਕਿ ਆਪ ਦੀ ਖੋਪਰੀ ਉਤਾਰ ਦਿੱਤੀ ਜਾਵੇ। ਮੋਚੀ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਨੇ ਜਪੁ ਜੀ ਪੜ੍ਹਨਾ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਦੀ ਖੋਪਰੀ ਸਿਰ ਤੋਂ ਉਤਾਰ ਦਿੱਤੀ ਗਈ ਅਤੇ ਆਪ ਦੀ ਦ੍ਰਿੜਤਾ ਨੂੰ ਵੇਖਦੇ ਖੋਪਰੀ ਉਤਾਰਨ ਵਾਲਾ ਖ਼ੁਦ ਭਾਈ ਸਾਹਿਬ ਤੋਂ ਪਹਿਲਾਂ ਮੌਤ ਦੇ ਮੂੰਹ ਜਾ ਪਿਆ। ਭਾਈ ਸਾਹਿਬ ਦੀ ਸ਼ਹਾਦਤ 1 ਜੁਲਾਈ 1745 ਈ. ਨੂੰ ਹੋਈ।




ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਜੀ

ਬਾਬਾ ਬੋਤਾ ਸਿੰਘ ਜੀ ਪੰਜਾਬ ਦੀ ਧਰਤੀ 'ਤੇ ਪੈਦਾ ਹੋਏ ਉਹ ਯੋਧਾ ਹਨ ਜਿੰਨ੍ਹਾਂ ਨੇ **"ਸਵਾ ਲਾਖ ਸੇ ਏਕ ਲੜਾਊ"** ਦੇ ਮਹਾਂਵਾਕ ਨੂੰ ਸੱਚ ਕਰਦਿਆਂ ਜਾਬਰ ਹਕੂਮਤ ਨਾਲ ਟੱਕਰ ਲਈ ਸੀ। ਆਪ ਦਾ ਜਨਮ ਅੰਮ੍ਰਿਤਸਰ ਦੇ ਪਿੰਡ ਭੜਾਨਾ ਦੇ ਕਿਸਾਨ ਪਰਿਵਾਰ ਵਿੱਚ ਹੋਇਆ। ਜਦੋਂ ਵੱਡੇ ਹੋਏ ਤਾਂ ਪਿਤਾ ਪੁਰਖੀ ਕਿਤੇ ਨਾਲ ਜੁੜ ਗਏ। ਬਚਪਨ ਤੋਂ ਹੀ ਨਿਡਰ ਸੁਭਾਅ ਦੇ ਮਾਲਕ ਇਸ ਨੌਜਵਾਨ ਦਾ ਛੇ ਫੁਟ ਉੱਚਾ ਕਦ ਅਤੇ ਸਖ਼ਤ ਜਿਸਮ ਹਰੇਕ ਨੂੰ ਪ੍ਰਭਾਵਿਤ ਕਰਦਾ ਸੀ। ਬਾਬਾ ਬੋਤਾ ਸਿੰਘ ਦਾ ਮੇਲ ਭਾਈ ਮਨੀ ਸਿੰਘ ਜੀ ਨਾਲ ਹੋਇਆ ਅਤੇ ਇਸ ਮੇਲ ਨਾਲ ਆਪ ਦੀ ਕਾਇਆ ਕਲਪ ਹੋ ਗਈ। ਉਨ੍ਹਾਂ ਪਾਸੋਂ ਅੰਮ੍ਰਿਤਪਾਨ ਕਰਕੇ ਬਾਬਾ ਬੋਤਾ ਸਿੰਘ ਦੇ ਨਾਮ ਨਾਲ ਆਪ ਨੇ ਖ਼ਾਲਸਾ ਪੰਥ ਦੇ ਮੈਂਬਰ ਹੋਣ ਦਾ ਮਾਣ ਪ੍ਰਾਪਤ ਕਰ ਲਿਆ।

ਗੁਰੂ ਦਾ ਪੂਰਨ ਸਿੰਘ ਬਣਨ ਉਪ੍ਰੰਤ ਬਾਬਾ ਬੋਤਾ ਸਿੰਘ ਦੇ ਨਿਤ-ਪ੍ਰਤੀ ਜੀਵਨ ਵਿੱਚ ਵੱਡੀ ਤਬਦੀਲੀਆਂ ਆਈਆਂ। ਮੁਗ਼ਲੀਆ ਹਕੂਮਤ ਦੇ ਜ਼ੁਲਮ ਨੂੰ ਵੇਖ ਕੇ ਆਪ ਦੇ ਮਨ ਵਿੱਚ ਲੂਹਰੀਆਂ ਉਠਦੀਆਂ, ਆਪ ਤੁਰਦੇ-ਫਿਰਦੇ ਗੱਲਾਂ ਕਰਦੇ, ਗੁਰੂ ਅੱਗੇ ਅਰਜ਼ੋਈਆਂ ਕਰਦੇ ਅਤੇ ਕੁਝ ਕਰਨ-ਮਰਨ ਦੀ ਸ਼ਕਤੀ ਲਈ ਅਰਦਾਸਾਂ ਕਰਦੇ। ਹੁਣ ਆਪ ਨੇ ਆਪਣੀ ਜ਼ਿੰਦਗੀ ਦਾ ਇਹ ਨਿਯਮ ਬਣਾ ਲਿਆ ਸੀ ਕਿ ਬਚਦੇ-ਬਚਾਉਂਦੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਹਰ ਰੋਜ਼ ਇਸ਼ਨਾਨ ਕਰਨਾ। ਇਸ ਨਿਸ਼ਚੇ ਨੂੰ ਨਿਭਾਉਂਦੇ ਹੋਏ ਆਪ ਨਾਲ ਇਕ ਦਿਨ ਅਜਿਹੀ ਘਟਨਾ ਵਾਪਰੀ, ਜਿਸ ਨੇ ਜ਼ਿੰਦਗੀ ਦੇ ਅਰਥ ਹੀ ਬਦਲ ਦਿੱਤੇ।

ਆਪ ਰੋਜ਼ ਵਾਂਗ ਸ੍ਰੀ ਹਰਿਮੰਦਰ ਸਾਹਿਬ ਜਾ ਰਹੇ ਸਨ ਕਿ ਰਾਹ ਵਿੱਚ ਮੁਗ਼ਲੀਆ ਅਹਿਲਕਾਰ ਪੜਾਅ ਕਰਕੇ ਸ਼ਰਾਬ ਤੇ ਸ਼ਬਾਬ ਨਾਲ ਦੋ-ਚਾਰ ਹੋ ਰਹੇ ਸਨ। ਬਾਬਾ ਜੀ ਦੇ ਪੈਰਾਂ ਦਾ ਖੜਕਾ ਸੁਣ ਕੇ ਉਹ ਚੇਤੰਨ ਹੋਏ ਅਤੇ ਇਕ ਨੇ ਕਿਹਾ ਕਿ ਲਗਦੈ ਕੋਈ ਸਿੱਖ ਹੈ। ਪਰ ਦੂਜੇ ਨੇ ਕਿਹਾ ਕਿ ਕੁੱਤਾ ਜਾਂ ਗਿੱਦੜ ਹੋਏਗਾ ਜਾਂ ਕੋਈ ਚੋਰ-ਉਚੱਕਾ, ਸਿੱਖ ਤਾਂ ਕੋਈ ਛੱਡਿਆ ਹੀ ਨਹੀਂ ਹੈ। ਇਸ ਗੱਲ ਨਾਲ ਬਾਬਾ ਬੋਤਾ ਸਿੰਘ ਦੇ ਅੰਦਰ ਭਾਂਬੜ ਮਚ ਗਏ। ਉਹ ਲਲਕਾਰ ਕੇ ਬਾਹਰ ਨਿਕਲੇ। ਅਹਿਲਕਾਰਾਂ ਦੀ ਲਲਕਾਰ ਸੁਣ ਜਾਨ ਨਿਕਲ ਗਈ ਅਤੇ ਉਨ੍ਹਾਂ ਭੱਜਣ ਵਿੱਚ ਹੀ ਭਲਾਈ ਸਮਝੀ।



ਬਾਬਾ ਬੋਤਾ ਸਿੰਘ ਹੁਣ ਉਥੇ ਹੀ ਰੁਕ ਗਏ। ਦਿੱਲੀ ਤੋਂ ਲਾਹੌਰ ਜਾਂਦੀ ਸੜਕ 'ਤੇ ਸਥਿਤ ਨੂਰ

ਦੀਨ ਦੀ ਸਰਾਂ 'ਤੇ ਸਿੱਖ ਰਾਜ ਦੀ ਸਥਾਪਨਾ ਦਾ ਐਲਾਨ ਕਰਦਿਆਂ ਟੈਕਸ ਉਗਰਾਹੁਣਾ ਸ਼ੁਰੂ ਕਰ ਦਿੱਤਾ। ਸਾਰੇ ਲੋਕ ਬਿਨਾ ਕਿੰਤੂ-ਪ੍ਰੰਤੂ ਟੈਕਸ ਦਿੰਦੇ ਅਤੇ ਅੱਗੇ ਲੰਘ ਜਾਂਦੇ। ਪਹਾੜ ਵਰਗੇ ਗੁਰੂ ਦੇ ਸਿੱਖ ਨਾਲ ਕਿਸੇ ਵੀ ਉਲਝਣ ਦੀ ਹਿੰਮਤ ਨਾ ਪਈ।




ਇਸੇ ਸਮੇਂ ਇਕ ਹੋਰ ਗੁਰੂ ਦਾ ਸਿੱਖ - ਗਰਜਾ ਸਿੰਘ ਜੋ ਰੰਘਰੇਟੇ ਪਰਿਵਾਰ ਨਾਲ ਸਬੰਧਤ ਸੀ, ਬਾਬਾ ਬੋਤਾ ਸਿੰਘ ਨਾਲ ਆਣ ਰਲਿਆ। ਟੈਕਸ ਇਕੱਤਰ ਹੋਣ ਨਾਲ ਮਾਇਆ ਦੇ ਢੇਰ ਲਗ ਗਏ। ਦੋਵਾਂ ਨੇ ਸੋਚ-ਵਿਚਾਰ ਉਪ੍ਰੰਤ ਲੰਗਰ ਲਾ ਦਿੱਤੇ। ਹੁਣ ਸਿੱਖ ਰਾਜ ਦਾ ਟੈਕਸ ਭਰੋ, ਲੰਗਰ ਛਕੋ, ਆਰਾਮ ਕਰੋ, ਰਸਤੇ ਦੀਆਂ ਦਿੱਕਤਾਂ ਦੀ ਜ਼ਿੰਮੇਵਾਰੀ ਬਾਬਿਆਂ ਦੀ। ਇਸ ਤਰ੍ਹਾਂ ਲੰਮਾ ਸਮਾਂ ਬੀਤਣ 'ਤੇ ਜਦ ਕੋਈ ਵਿਰੋਧ ਨਾ ਹੋਇਆ ਤਾਂ ਇਕ ਖ਼ਤ ਜ਼ਕਰੀਆ ਖ਼ਾਂ ਨੂੰ ਭੇਜਿਆ ਗਿਆ। ਇਸ ਖ਼ਤ ਨੂੰ ਸਿੱਖ ਇਤਿਹਾਸ ਨੇ ਇਸ ਤਰ੍ਹਾਂ ਸੰਭਾਲਿਆ ਹੋਇਆ ਹੈ :

ਚਿਠੀ ਲਿਖੇ ਸਿੰਘ ਬੋਤਾ
ਹੱਥ ਵਿਚ ਸੋਟਾ
ਰਾਹ 'ਚ ਖਲੋਤਾ
ਆਨਾ ਲਗੇ ਗੱਡੇ ਨੂੰ
ਪੈਸਾ ਲਗੇ ਖੋਤਾ
ਜਾਓ ਆਖੋ ਭਾਬੀ ਖਾਨੋ ਨੂੰ
ਜੋ ਆਖੇ ਸਿੰਘ ਬੋਤਾ।

ਚਿੱਠੀ ਪੜ੍ਹ ਕੇ ਜ਼ਕਰੀਆ ਖ਼ਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਹ ਐਨਾ ਸ਼ਰਮਸਾਰ ਹੋਇਆ ਕਿ ਦਰਬਾਰ ਬਰਖ਼ਾਸਤ ਕਰਕੇ ਘਰ ਚਲਾ ਗਿਆ। ਘਰ ਜਾ ਕੇ ਉਸਨੇ ਆਪਣੇ ਵਫ਼ਾਦਾਰ ਨਾਇਬ ਜਲਾਲਦੀਨ ਨੂੰ ਹੁਕਮ ਕੀਤਾ ਕਿ ਬੋਤਾ ਸਿੰਘ ਤੇ ਗਰਜਾ ਸਿੰਘ ਨੂੰ ਜੰਜੀਰਾਂ ਨਾਲ ਜਕੜ ਕੇ ਉਸ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਮੁਗ਼ਲੀਆ ਸੈਨਿਕ ਵਾਹੋ-ਦਾਹੀ ਨੂਰਦੀਨ ਦੀ ਸਰਾਅ ਵੱਲ ਪਹੁੰਚੇ। ਬਾਬਿਆਂ ਨੂੰ ਜਲਾਲਦੀਨ ਨੇ ਕਿਹਾ ਕਿ ਆਪਣੇ ਆਪ ਨੂੰ ਸਾਡੇ ਹਵਾਲੇ ਕਰ ਦਿਓ। ਦੋਵੇਂ

ਬਾਬਿਆਂ ਨੇ ਇਹ ਸੁਣ ਕਹਿ-ਕਹੇ ਲਗਾਏ ਅਤੇ ਲਲਕਾਰਿਆ ਕਿ ਅਸੀਂ ਆਪਣੇ ਆਪ ਨੂੰ ਹਕੂਮਤ ਦੇ ਹਵਾਲੇ ਕਰਨ ਲਈ ਨਹੀਂ ਖਲੋਤੇ। ਜੇ ਤੇਰੇ ਵਰਗੇ ਗਿੱਦੜ, ਸ਼ੇਰਾਂ ਨੂੰ ਪਿੰਜਰੇ ਪਾ ਲੈਣ ਤਾਂ ਦੁਨੀਆ ਦਾ ਇਤਿਹਾਸ ਹੀ ਬਦਲ ਜਾਏ। ਆ ! ਸਾਡੇ ਸਾਹਮਣੇ ਆ ਕੇ ਦੋ ਹੱਥ ਕਰ। ਜਲਾਲਦੀਨ ਕ੍ਰੋਧ ਵਿੱਚ ਆ ਕੇ ਸਿੰਘਾਂ ਵੱਲ ਵੱਧਿਆ। ਬਾਬਾ ਗਰਜਾ ਸਿੰਘ ਦੇ ਪਹਿਲੇ ਵਾਰ ਦੇ ਨਾਲ ਹੀ ਜਲਾਲਦੀਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਮੈਦਾਨ ਵਿੱਚ ਡਿੱਗ ਗਿਆ। ਬਾਕੀ ਸੈਨਿਕ ਵੀ ਸਿੰਘਾਂ ਉੱਤੇ ਟੁੱਟ ਪਏ। ਸਿਦਕੀ ਸਿੱਖ ਆਪਣੇ ਲਹੂ ਦੇ ਅਖੀਰਲੇ ਕਤਰੇ ਤਕ ਦੁਸ਼ਮਣਾਂ ਅੱਗੇ ਡਟੇ ਰਹੇ ਅਤੇ ਸਿੱਖੀ ਦੇ ਇਸ ਮਹਾਨ ਬੂਟੇ ਨੂੰ ਆਪਣੇ ਲਹੂ ਨਾਲ ਸਿੰਜਦੇ ਹੋਏ ਲੜਾਈ ਦੇ ਮੈਦਾਨ ਵਿੱਚ 1739 ਈ. 'ਚ ਸ਼ਹੀਦੀਆਂ ਪਾ ਗਏ।



ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਜੀ


ਭਾਈ ਸੁਬੇਗ ਸਿੰਘ ਇਕ ਅਮੀਰ ਸਿੱਖ ਸਨ। ਆਪ ਠੇਕੇਦਾਰੀ ਦੇ ਕੰਮ ਲੈਂਦੇ ਅਤੇ ਇਸ ਵਿੱਚ ਸਰਕਾਰੀ ਠੇਕੇ ਵੀ ਸ਼ਾਮਲ ਸਨ। ਆਪ ਦੀ ਈਮਾਨਦਾਰੀ ਕਾਰਣ ਜ਼ਕਰੀਆ ਖ਼ਾਂ ਵਰਗੀ ਭ੍ਰਿਸ਼ਟ ਰੂਹ ਵੀ ਆਪ ਦੀ ਕਦਰ ਕਰਦੀ ਸੀ। ਸਿੱਖਾਂ ਨੂੰ ਨਵਾਬੀ ਦੀ ਖਿਲਅਤ ਪ੍ਰਵਾਨ ਕਰਨ ਵਾਲਾ ਸਮਝੌਤਾ ਵੀ ਜ਼ਕਰੀਆ ਖ਼ਾਂ ਨੇ ਭਾਈ ਸੁਬੇਗ ਸਿੰਘ ਦੀ ਮਦਦ ਨਾਲ ਹੀ ਸਿਰੇ ਚੜ੍ਹਾਇਆ ਸੀ। ਜ਼ਕਰੀਆ ਖ਼ਾਂ ਦੀ ਮੌਤ ਤੋਂ ਬਾਅਦ ਉਸਦਾ ਬੇਟਾ ਯਹੀਆ ਖ਼ਾਂ ਸੂਬੇਦਾਰ ਬਣਿਆ। ਉਹ ਆਪਣੇ ਪਿਤਾ ਵਾਂਗ ਹੀ ਜ਼ਾਲਮ ਸੀ। ਭਾਈ ਸੁਬੇਗ ਸਿੰਘ ਦਾ ਲਾਹੌਰ ਵਿੱਚ ਰਹਿਣਾ ਉਸਨੂੰ ਬਹੁਤ ਰੜਕਦਾ ਸੀ।

ਭਾਈ ਸੁਬੇਗ ਸਿੰਘ ਦਾ ਪੁੱਤਰ ਸ਼ਾਹਬਾਜ਼ ਸਿੰਘ ਸਕੂਲ ਵਿੱਚ ਪੜ੍ਹਦਾ ਸੀ। ਸਕੂਲ ਦਾ ਕਾਜ਼ੀ ਸ਼ਾਹਬਾਜ਼ ਸਿੰਘ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਪਰ ਉਸ ਬੱਚੇ ਦੇ ਸਪਸ਼ਟ ਇਨਕਾਰ ਕਰਨ 'ਤੇ, ਉਸ 'ਤੇ ਇਸਲਾਮ ਦੀ ਤੌਹੀਨ ਕਰਨ ਦਾ ਇਲਜ਼ਾਮ ਲਗਾਇਆ। ਯਹੀਆਂ ਖ਼ਾਂ ਇਸ ਮੌਕੇ ਦੀ ਉਡੀਕ ਵਿੱਚ ਹੀ ਸੀ। ਉਸਨੇ ਭਾਈ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ। ਜਦੋਂ ਅਨੇਕਾਂ ਤਸੀਹੇ ਆਪ ਦੀ ਹਠ ਨਾ ਤੋੜ ਸਕੇ ਤਾਂ ਦੋਵੇਂ ਪਿਉ-ਪੁੱਤਰ - ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਜੁਲਾਈ 1746 ਈ. ਵਿੱਚ ਚਰਖੜੀਆਂ 'ਤੇ ਚਾੜ੍ਹ ਦਿੱਤਾ ਗਿਆ। ਦੋਵੇਂ 'ਅਕਾਲ ਅਕਾਲ' ਗਜਾਉਂਦੇ ਗੁਰੂ ਚਰਨਾਂ ਵਿੱਚ ਹਮੇਸ਼ਾ-ਹਮੇਸ਼ਾ ਲਈ ਸਿੱਖ ਮਾਨਸਿਕਤਾ ਦਾ ਹਿੱਸਾ ਹੋ ਨਿਬੜੇ।



ਬਾਬਾ ਦੀਪ ਸਿੰਘ ਜੀ

ਬਾਬਾ ਦੀਪ ਸਿੰਘ ਜੀ ਨੂੰ ਬਾਬਾ ਦੀਪ ਸਿੰਘ ਨਿਹੰਗ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਆਪ ਦਾ ਜਨਮ 1682 ਈ. ਵਿੱਚ ਲਾਹੌਰ ਪਰਗਨੇ ਵਿੱਚ ਸਥਿਤ ਪਿੰਡ ਪੋਹੁਵਿੰਡ ਵਿੱਚ ਹੋਇਆ ਅਤੇ ਆਪ ਕਿਸਾਨ ਪਰਿਵਾਰ ਨਾਲ ਸਬੰਧ ਰਖਦੇ ਸਨ। ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹਥੋਂ ਅੰਮ੍ਰਿਤਪਾਨ ਕਰਨ ਦਾ ਮਾਣ ਵੀ ਪ੍ਰਾਪਤ ਹੈ। ਆਪ ਬਚਪਨ ਤੋਂ ਹੀ ਸੂਰਬੀਰ ਯੋਧੇ ਸਨ। ਆਪ ਦਾ ਕਦ ਸਵਾ ਛੇ ਫੁਟ ਉੱਚਾ, ਚੌੜੀ ਛਾਤੀ ਤੇ ਵੇਖਣ ਨੂੰ ਦਰਸ਼ਨੀ ਜਵਾਨ ਸਨ ਅਤੇ ਚਿਹਰੇ 'ਤੇ ਐਨਾ ਜਲੌਅ ਕਿ ਵੇਖਣ ਵਾਲਾ ਵੇਖਦਾ ਹੀ ਰਹਿ ਜਾਂਦਾ। ਗੁਰੂ ਸਾਹਿਬ ਨਾਲ ਆਪ ਦਾ ਮੇਲ ਤਲਵੰਡੀ ਸਾਬੋ ਦੇ ਸਥਾਨ 'ਤੇ ਹੋਇਆ ਅਤੇ ਜਲਦੀ ਹੀ ਆਪ ਗੁਰੂ ਸਾਹਿਬ ਦੀਆਂ ਨਜ਼ਰਾਂ ਵਿੱਚ ਪ੍ਰਵਾਨ ਚੜ੍ਹ ਗਏ।



ਬਾਬਾ ਜੀ ਦੀ ਇਕ ਵੱਡੀ ਖ਼ੂਬੀ ਇਹ ਵੀ ਸੀ ਕਿ ਆਪ ਉੱਚ ਕੋਟੀ ਦੇ ਵਿਦਵਾਨ ਵੀ ਸਨ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਤਿਆਰ ਕਰਨ ਵਿੱਚ ਆਪ ਨੇ ਦਸਮ ਪਾਤਸ਼ਾਹ ਦਾ ਹੱਥ ਵਟਾਇਆ ਸੀ। ਆਪ ਜੀ ਦੀ ਲਿਖਾਈ ਬਹੁਤ ਹੀ ਸੁੰਦਰ ਸੀ ਅਤੇ ਆਪ ਜੀ ਤੋਂ ਹੀ ਗੁਰੂ ਸਾਹਿਬ ਨੇ ਚਾਰ ਬੀੜਾਂ ਲਿਖਵਾ ਕੇ ਚਾਰਾਂ ਤਖ਼ਤਾਂ ਉਪਰ ਭੇਜੀਆਂ ਸਨ। ਨਾਲ ਹੀ ਜਦੋਂ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਭੇਜਿਆ ਗਿਆ ਤਾਂ ਬਾਬਾ ਦੀਪ ਸਿੰਘ ਜੀ ਨੂੰ ਹੀ ਸ੍ਰੀ ਦਮਦਮਾ ਸਾਹਿਬ ਦਾ ਮੁੱਖ ਸੇਵਾਦਾਰ ਥਾਪਿਆ ਗਿਆ। ਬਾਅਦ ਵਿੱਚ ਮਿਸਲਾਂ ਦੀ ਸਥਾਪਨਾ ਵੇਲੇ ਇਕ ਮਿਸਲ ਸ਼ਹੀਦੀ ਮਿਸਲ ਦੇ ਨਾਂ ਨਾਲ ਪ੍ਰਸਿੱਧ ਹੋਈ, ਜਿਸ ਦੇ ਮੁਖੀ ਬਾਬਾ ਦੀਪ ਸਿੰਘ ਜੀ ਸਨ।

ਅਹਿਮਦ ਸ਼ਾਹ ਅਬਦਾਲੀ ਉਸ ਵੇਲੇ ਹਿੰਦੁਸਤਾਨ ਦੀ ਧਰਤੀ 'ਤੇ ਲਗਾਤਾਰ ਹਮਲੇ ਕਰ ਰਿਹਾ ਸੀ। ਉਹਨਾਂ ਹਮਲਿਆਂ ਦੌਰਾਨ ਸਿੱਖਾਂ ਨੇ ਉਸ ਨੂੰ ਬਹੁਤ ਤੰਗ ਕੀਤਾ, ਜਿਸ ਤੋਂ ਉਸ ਨੇ ਗੁੱਸਾ ਖਾ ਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਢਾਹ ਦਿੱਤਾ ਅਤੇ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ। ਇਸ ਘਟਨਾ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰਖ ਦਿੱਤਾ। ਸਿੱਟੇ ਵਜੋਂ ਬਾਬਾ ਦੀਪ ਸਿੰਘ ਨੇ ਇਸ ਗੱਲ ਦਾ ਬਦਲਾ ਲੈਣ ਲਈ 1757 ਈ. ਦੀ ਦਿਵਾਲੀ ਸ੍ਰੀ ਹਰਿਮੰਦਰ ਸਾਹਿਬ ਮਨਾਉਣ ਦਾ ਐਲਾਨ ਕਰ ਦਿੱਤਾ ਅਤੇ ਆਪਣੇ ਨਾਲ ਤਕਰੀਬਨ ਇਕ ਹਜ਼ਾਰ ਸਿਰਲੱਥ ਸੂਰਮਿਆਂ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਵੱਲ ਵਹੀਰਾਂ ਘੱਤ ਦਿੱਤੀਆਂ। ਜਦੋਂ ਲਾਹੌਰ ਦੇ ਡਿਪਟੀ ਗਵਰਨਰ ਜਹਾਨ ਖ਼ਾਨ ਨੂੰ ਸਿੱਖਾਂ ਦੇ ਹਰਿਮੰਦਰ

ਸਾਹਿਬ ਵੱਲ ਆਉਣ ਦਾ ਪਤਾ ਲਗਾ ਤਾਂ ਉਹ ਖ਼ਾਲਸਾ ਫ਼ੌਜ ਨੂੰ ਮਿਲਣ ਲਈ ਅੱਗੇ ਵੱਧਿਆ। ਗੋਲੇ ਵਾਲੇ ਪਿੰਡ ਦੇ ਕੋਲ ਗਹਿਗੱਚ ਲੜਾਈ ਹੋਈ ਅਤੇ ਜਹਾਨ ਖ਼ਾਨ ਬੁਰੀ ਤਰ੍ਹਾਂ ਹਾਰ ਖਾ ਕੇ ਭੱਜ ਨਿਕਲਿਆ।

ਜਹਾਨ ਖ਼ਾਨ ਦੀ ਹਾਰ ਤੋਂ ਬਾਅਦ ਇਕ ਹੋਰ ਅਫ਼ਗ਼ਾਨ ਸੈਨਾ ਦਾ ਵੱਡਾ ਦਸਤਾ ਹਾਜੀ ਅਕਾਈ ਖ਼ਾਨ ਦੀ ਅਗਵਾਈ ਵਿੱਚ ਸਿੱਖਾਂ ਨੂੰ ਰੋਕਣ ਲਈ ਅੱਗੇ ਵੱਧਿਆ। ਰਾਮਸਰ ਦੇ ਸਥਾਨ 'ਤੇ ਘਮਸਾਣ ਦਾ ਯੁੱਧ ਹੋਇਆ ਜਿਸ ਵਿੱਚ ਬਾਬਾ ਦੀਪ ਸਿੰਘ ਜੀ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਪਰ ਸਿੱਖ ਜੂਝਦੇ ਹੋਏ ਹਰਿਮੰਦਰ ਸਾਹਿਬ ਦਾਖ਼ਲ ਹੋ ਗਏ ਅਤੇ ਅਫ਼ਗ਼ਾਨ ਫ਼ੌਜ ਨੂੰ ਦੁਬਾਰਾ ਹਾਰ ਦਾ ਮੂੰਹ ਦੇਖਣਾ ਪਿਆ।

ਬਾਬਾ ਦੀਪ ਸਿੰਘ ਜੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਪਹੁੰਚ ਕੇ ਸ਼ਹਾਦਤ ਦਾ ਜਾਮ ਪੀ ਗਏ ਪਰ ਆਪਣੇ ਕੀਤੇ ਵਾਅਦੇ ਅਨੁਸਾਰ ਹਰਿਮੰਦਰ ਨੂੰ ਆਜ਼ਾਦ ਕਰਾਇਆ। ਬਾਬਾ ਦੀਪ ਸਿੰਘ ਸ਼ਹੀਦ ਦੀ ਯਾਦ ਵਿੱਚ ਅੱਜ ਵੀ ਅੰਮ੍ਰਿਤਸਰ ਦੇ ਸਥਾਨ 'ਤੇ ਉਹਨਾਂ ਦੇ ਨਾਂ 'ਤੇ ਖ਼ੂਬਸੂਰਤ 'ਗੁਰਦੁਆਰਾ ਸ਼ਹੀਦਾਂ' ਸਥਾਪਤ ਹੈ।



"**ਨਿਸਚੈ ਕਰਿ ਅਪਨੀ ਜੀਤ ਕਰੋਂ**" ਦੇ ਸੱਚ ਨਾਲ ਜੁੜੀਆਂ ਹੋਈਆਂ ਰੂਹਾਂ ਦੀ ਇਹ ਸੰਖੇਪ ਗਾਥਾ ਹੈ। ਇਹਨਾਂ ਅਲੌਕਿਕ ਗਾਥਾਵਾਂ ਦਾ ਸਿੱਖ ਇਤਿਹਾਸ ਵਿੱਚ ਕੋਈ ਅੰਤ ਨਹੀਂ ਹੈ। "**ਚਿੜੀਓਂ ਸੇ ਮੈਂ ਬਾਜ ਤੜਾਊਂ**" ਅਤੇ "**ਸਵਾ ਲਾਖ ਸੇ ਏਕ ਲੜਾਊਂ**" ਦਾ ਇਹ ਇਤਿਹਾਸਕ ਪ੍ਰਗਟਾਅ ਹੈ।

ਅਜਿਹੇ ਪ੍ਰਗਟਾਅ ਸਾਕਿਆਂ, ਘਲੂਘਾਰਿਆਂ, ਸਿੱਖ ਸੁਧਾਰਕ ਲਹਿਰਾਂ ਅਤੇ ਆਜ਼ਾਦੀ ਦੇ ਸੰਗਰਾਮਾਂ ਦੌਰਾਨ ਨਿਰੰਤਰਤਾ ਵਿੱਚ ਜਾਰੀ ਰਹੇ ਹਨ।

ਸਿੱਖ ਇਤਿਹਾਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਸੰਗਰਾਮਾਂ ਦਾ ਕੋਈ ਅੰਤ ਨਹੀਂ ਹੈ। ਜਦੋਂ ਵੀ ਅਤੇ ਜਿਥੇ ਵੀ, ਮਨੁੱਖਤਾ ਦੇ ਹੱਕ-ਸੱਚ ਲਈ ਸੰਗਰਾਮ ਦੀ ਲੋੜ ਪਵੇਗੀ ਤਾਂ ਨਾਨਕ ਚਿੰਤਨ ਨਾਲ ਇਕਸੁਰ ਹੋਈਆਂ ਰੂਹਾਂ ਅੱਗੇ ਆਉਂਦੀਆਂ ਰਹਿਣਗੀਆਂ।



1. ਮਨਮੁਖ ਦੀ ਮੌਤ: ਮਨਮੁਖ ਮਰਣੁ ਮਰਿ ਜਾਣੁ ਵਿਗਾੜਿ।
ਆਪਣੇ ਤੋਂ ਭੈਣ ਭੈਣ —


2. ਗੁਰਮੁਖ ਜਨਮ ਸਵਾਰ ਦਰਗਹ ਚਲਿਆ।

3. ਚਲਿਆਂ ਪਤਿ ਸਿਉ ਜਨਮ ਸਵਾਰਿ —

4. ਸ਼ਹੀਦ,

5. ਧਰਮੀ: ਜੀਵਨ ਬਖਸ਼ ਦੇ ਪਰਤ ਕੇ —

ਗੁਰੂ ਜੀ ਨੇ ਮੌਤ ਨੂੰ ਉਪਰੋਕਤ ਪੰਜ ਭਾਗਾਂ ਵਿਚ ਵੰਡਿਆ ਹੈ। ਗੁਰੂ ਜੀ ਨੇ ਸਾਰੀ ਕਾਇਰਾਂ ਦੀ ਮੌਤ ਨੂੰ ਨਿੰਦਿਆ ਤੇ ਬਹਾਦਰ ਯੋਧਿਆਂ ਦੀ ਮਾੜੀ ਸਿਫ਼ਤ ਗਲ ਕਰ ਮੌਤ ਨੂੰ ਚੰਗਾ ਕਿਹਾ ਹੈ, ਮੌਤ ਦੀ ਨਿਸ਼ਚਿਤਤਾ, ਮੌਤ ਦੇ ਡਰ, ਮੌਤ ਦੇ ਡਰ ਤੇ ਜਿੱਤਾਂ ਨੂੰ ਦਰਸਾਇਆ



ਮਰਣੁ ਕਬੂਲਿ

SIKH FOUNDATION
Designers & Publishers :
- Books on Sikh ideology.
- Gurmukhi primer for the young kids in simple & idiomatic language
- Display board, posters, cards etc. on Sikh heritage.
- Games especially designed for children to help them understand the Sikh culture.

SIKH FOUNDATION P.O. Box 3627 Lajpat Nagar, New Delhi-110024, INDIA
Tel.: 9810567300, 9811567640 • www.sikhfoundation.net
E-mail : info@sikhfoundation.net, sf1999@rediffmail.com